# ਫੇਸਬੁੱਕ ਕਵਿਤਾ

ਕਾਵਿ-ਸੰਗ੍ਰਹਿ - 2018



**ਰਵਿੰਦਰ ਰਵੀ**

## ਰਵਿੰਦਰ ਰਵੀ ਰਚਿਤ ਪੁਸਤਕਾਂ

**ਕਵਿਤਾ** : ਦਿਲ ਦਰਿਆ ਸਮੁੰਦਰੋਂ ਡੂੰਘੇ, ਬੁੱਕਲ ਦੇ ਵਿਚ ਚੋਰ, ਬਿੰਦੂ, ਮੌਨ ਹਾਦਸੇ, ਦਿਲ-ਟ੍ਰਾਂਸਪਲਾਂਟ ਤੋਂ ਬਾਅਦ, ਸ਼ਹਿਰ ਜੰਗਲੀ ਹੈ, ਮੇਰੇ ਮੌਸਮ ਦੀ ਵਾਰੀ, ਜਲ ਭਰਮ-ਜਲ, ਚਿੱਟੇ ਕਾਲੇ ਧੱਬੇ, ਸੀਮਾਂ ਆਕਾਸ਼, ਸ਼ੀਸ਼ੇ 'ਤੇ ਦਸਤਕ, ਆਪਣੇ ਖ਼ਿਲਾਫ਼, ਸੂਰਜ ਤੇਰਾ ਮੇਰਾ, ਗੰਢਾਂ, ਸ਼ਬਦੋਂ ਪਾਰ, ਪੱਤਰ ਤੇ ਦਰਿਆ, ਛਾਵਾਂ ਤੇ ਪਰਛਾਵੇਂ, ਬਾਜ਼ ਦੀ ਨਜ਼ਰ, ਨਵੀਂ ਸਦੀ ਦੀ ਨਵੀਂ ਨਸਲ, ਸ਼ਬਦਾਂ ਦੇ ਚਿਹਰੇ, ਨਿਹੋਂਦ ਦਾ ਗੀਤ, ਫੇਸਬੁੱਕ ਕਵਿਤਾ

**ਸਮੁੱਚੀ ਕਵਿਤਾ** : ਅਕੱਥ-ਕਥਾ, ਸੈਂਚੀ ਪਹਿਲੀ, 1955-66 (ਭਾਰਤ), ਵਣ-ਵਾਣੀ, ਸੈਂਚੀ ਦੂਜੀ, 1967-74 (ਕੀਨੀਆ), ਪਿਆਸਾ ਬੱਦਲ, ਸੈਂਚੀ ਤੀਜੀ 1975-86 (ਕੈਨੇਡਾ), ਸ਼ਬਦ ਸਾਗਰ, ਸੈਂਚੀ ਚੌਥੀ, 1986-2003 (ਕੈਨੇਡਾ), ਪਿੰਡ ਬ੍ਰਹਮੰਡ, ਸੈਂਚੀ ਪੰਜਵੀਂ, 2003-2014 (ਕੈਨੇਡਾ)

**ਕਾਵਿ-ਨਾਟਕ** : ਬੀਮਾਰ ਸਦੀ, ਦਰ ਦੀਵਾਰਾਂ, ਅੱਧੀ ਰਾਤ ਦੁਪਹਿਰ, ਚੌਕ ਨਾਟਕ, ਰੂਹ ਪੰਜਾਬ ਦੀ, ਸਿਫ਼ਰ ਨਾਟਕ, ਤਿੰਨ ਨਾਟਕ ('ਮੱਕੜੀ ਨਾਟਕ', 'ਰੁਕੇ ਹੋਏ ਯਥਾਰਥ' ਤੇ 'ਪਛਾਣ ਨਾਟਕ'), ਮਨ ਦੇ ਹਾਣੀ, ਮਖੌਟੇ ਤੇ ਹਾਦਸੇ, ਚੱਕ੍ਰਵਯੂਹ ਤੇ ਪਿਰਾਮਿਡ, ਆਪੋ ਆਪਣੇ ਦਰਿਆ, ਹੋਂਦ ਨਿਹੋਂਦ, ਪਰਤੱਖ ਤੋਂ ਅਗਾਂਹ (ਦੋ ਕਾਵਿ ਨਾਟਕ : 'ਭਰਮ-ਜਲ' ਅਤੇ 'ਸਿਆਸੀ ਦੰਦ-ਕਥਾ')

**ਸਮੁੱਚਾ ਨਾਟਕ** : ਮੰਚ ਨਾਟਕ (1974-1990), ਮੇਰੇ ਕਾਵਿ-ਨਾਟਕ-1 (1974-1983), ਮੇਰੇ ਕਾਵਿ- ਨਾਟਕ-2 (1984-1987), ਮੇਰੇ ਕਾਵਿ-ਨਾਟਕ-3 (1990-2005), ਮੇਰੇ ਕਾਵਿ-ਨਾਟਕ-4 (2008-2010)

**ਟ੍ਰੈਲਜ਼ੀ ਨਾਟਕ** : ਸੂਰਜ ਨਾਟਕ (1974-1983)

**ਨਾਟਕ ਤੇ ਰੰਗਮੰਚ** : ਦੋ ਨਾਟਕ ਤੇ ਰੰਗਮੰਚ

**ਕਹਾਣੀ** : ਚਰਾਵੀ, ਜੁਰਮ ਦੇ ਪਾਤਰ, ਸ਼ਹਿਰ ਵਿਚ ਜੰਗਲ, ਕੋਨ ਪ੍ਰਤੀਕੋਨ, ਮੈਲੀ ਪੁਸਤਕ, ਜਿੱਥੇ ਦੀਵਾਰਾਂ ਨਹੀਂ, ਕੰਪਿਊਟਰ ਕਲਚਰ, ਆਪਣੇ ਆਪਣੇ ਟਾਪੂ, ਗੋਰੀਆਂ ਸ਼ਹੀਦੀਆਂ

**ਸਮੁੱਚੀ ਕਹਾਣੀ** : ਅਘਰਵਾਸੀ (1955-1984), ਮੇਰੀ ਕਹਾਣੀ (1955-2005), ਮੇਰੀਆਂ ਸਾਰੀਆਂ ਕਹਾਣੀਆਂ (1955-2010)

**ਚਰਚਤ ਕਹਾਣੀ** : ਸਮੇਂ ਦੇ ਨਾਲ ਨਾਲ (1955-1989)

**ਪ੍ਰਤਿਨਿਧ ਕਹਾਣੀ** : ਖੰਭਾਂ ਵਾਲੇ ਪਿੰਜਰੇ (1955-2000), ਚੋਣਵੀਆਂ ਕਹਾਣੀਆਂ (ਇਸਤਰੀ ਮਰਦ ਪ੍ਰਸੰਗ), ਚੋਣਵੀਆਂ ਕਹਾਣੀਆਂ-2 (ਬ੍ਰਹਮੰਡਕ ਸਰੋਕਾਰ)

**ਸਫ਼ਰਨਾਮਾ** : ਸਿਮਰਤੀਆਂ ਦੇ ਦੇਸ਼

**ਵਾਰਤਕ** : ਮੇਰੀ ਸਾਹਿਤਕ ਸਵੈ-ਜੀਵਨੀ, ਐਟਸੈਟਰਾ-2, ਐਟਸੈਟਰਾ-3, ਮੇਰਾ ਜੀਵਨ, ਮੇਰਾ ਸਾਹਿਤ (ਸਾਹਿਤਿਕ ਸ੍ਵੈ ਜੀਵਨੀ), ਐਟਸੈਟਰਾ-4

**ਸਮੀਖਿਆ** : ਪ੍ਰਯੋਗਸ਼ੀਲ ਕਾਵਿ-ਦਰਪਨ, ਮੇਰਾ ਕਾਵਿ-ਨਾਟ-ਲੋਕ, ਐਟਸੈਟਰਾ-1, ਮੇਰਾ ਥੀਏਟਰ ਤੇ ਇੱਕੀਵੀਂ ਸਦੀ, ਮੇਰਾ ਕਾਵਿ-ਨਾਟਕੀ ਰੰਗਮੰਚ : ਇਤਿਹਾਸਿਕ, ਸਿਧਾਂਤਕ ਤੇ ਤਕਨੀਕੀ ਪਰਿਪੇਖ

**ਸੰਪਾਦਨ** : ਵਿਸ਼ਵ ਪੰਜਾਬੀ ਸਾਹਿਤ, ਕਵਿਤਾ ਸਨਮੁਖ, ਕਥਾ ਸਨਮੁਖ, ਪਰਵਾਸੀ ਪੱਤਰਕਾਰ ਤਾਰਾ ਸਿੰਘ ਹੇਅਰ (ਅਭਿਨੰਦਨ ਗ੍ਰੰਥ), ਕਥਾ ਸਨਮੁਖ-2
Wind Song (Poetry), Wind Song-2 (Poetry)

**ਅੰਗਰੇਜ਼ੀ** : Restless Soul (Poetry), Cosmic Symphony (Short Stories)

**ਹੋਰਨਾਂ ਨਾਲ ਸਾਂਝੀਆਂ** : The Rebel Sound (Poetry)
The Voices of Dissent (Poetry), Green Snow (Poetry)

**ਹਿੰਦੀ** : ਅੰਧੇਰਾ ਯੂਕਲਿਪਟਸ ਔਰ ਆਗ (ਕਹਾਣੀਆਂ), ਸੂਰਜ ਕਾ ਤਕੀਆ (ਕਵਿਤਾ)।

**ਪਾਕਿਸਤਾਨ ਵਿਚ (ਸ਼ਾਹਮੁਖੀ ਲਿੱਪੀ ਵਿਚ)**

**ਕਾਵਿ-ਸੰਗ੍ਰਹਿ** : ਗੰਢਾਂ, ਸ਼ਬਦੋਂ ਪਾਰ, ਪੱਤਰ ਤੇ ਦਰਿਆ, ਸ਼ਬਦਾਂ ਦੇ ਚਿਹਰੇ, ਨਿਹੋਂਦ ਦਾ ਗੀਤ, ਨਵੀਂ ਸਦੀ ਦੀ ਨਵੀਂ ਨਸਲ

**ਚੋਣਵੀਂ ਕਵਿਤਾ** : ਹੀਰਿਆਂ ਦਾ ਚੋਗ (1974-89), ਵਗਦੇ ਦਰਿਆ (1967-2010)

**ਚੋਣਵੀਂ ਕਹਾਣੀ** : ਖੰਭਾਂ ਵਾਲੇ ਪਿੰਜਰੇ (1955-2000), ਵਗਦੇ ਦਰਿਆ (1967-2010)

**ਸਮੁੱਚਾ ਨਾਟਕ** : ਮੰਚ ਨਾਟਕ (1974-1990), ਕਾਵਿ-ਨਾਟਕ : ਮਨ ਦੇ ਹਾਣੀ

# ਫੇਸਬੁੱਕ ਕਵਿਤਾ

**ਰਵਿੰਦਰ ਰਵੀ**

ਨੈ.ਬੁ.ਸ਼.

**ਨੈਸ਼ਨਲ ਬੁਕ ਸ਼ਾਪ**
ਪਲੱਈਅਰ ਗਾਰਡਨ ਮਾਰਕਿਟ,
ਚਾਂਦਨੀ ਚੌਕ, ਦਿੱਲੀ-110 006

**FACEBOOK KAVITA (FaceBook Poetry)**
A collection of Poetry, written by Ravinder Ravi (R.S. Gill)

© Ravinder Ravi (R. S. GILL)
116 - 3530 Kalum Street
Terrace, B.C., Canada V8G 2P2
Telephone : (250) 635 4455
E-mail: **ravi37@telus.net** and **ravinderravi37@gmail.com**
My Website/blog : **www.ravinder-ravi.com**

Art : K.S. Manupuria, (India), and Donna Caplette (Canada)
Typesetting : Kuldeep Singh (India) (M. 9811544085)

ਰੂਪਕਾਰ : ਕੇ. ਐੱਸ. ਮਾਨੂੰਪੁਰੀਆ (ਭਾਰਤ), ਅਤੇ ਡੌਨਾ ਕੈਪਲੈਟ (ਕੈਨੇਡਾ)
ਟਾਈਪਸੈਟਿੰਗ : ਕੁਲਦੀਪ ਸਿੰਘ (ਭਾਰਤ) (ਮੋ. 9811544085)

First Edition : 2018

ISBN 978-81-7116-700-5

**PRICE : Rs. 200.00**

Published by :
**NATIONAL BOOK SHOP**
Pleasure Garden Market, Near Gauri Shankar Mandir,
Chandni Chowk, Delhi-110006
Ph. : 011-23264342, 9891996919, 9811337763
Email:nbs.bookstore@gmail.com

Printer :
**B.K. OFFSET,** Delhi-110032

**ਫੇਸਬੁੱਕ ’ਤੇ ਬਣੇ ਦੋਸਤਾਂ**
**ਦੇ ਨਾਂ**

# ਤਰਤੀਬ


ਰਵਿੰਦਰ ਰਵੀ ਦਾ ਜੀਵਨ-ਬਿਓਰਾ 9
ਫੇਸਬੁੱਕ ਕਵਿਤਾ : ਆਰੰਭਕ ਸ਼ਬਦ -ਰਵਿੰਦਰ ਰਵੀ 15


## ਫੇਸਬੁੱਕ ਕਵਿਤਾ


ਫੇਸਬੁੱਕ ਕਲਚਰ 21
ਰੁਸ਼ਨਾਈ 22
ਸਿਰਜਣਾ 23
ਸੂਰਜ ਤੇ ਸ਼ਬਦ 24
ਪੱਤਰ ਦੇ ਦਰਿਆ 25
ਚਿੰਤਨ 26
ਕਿੱਥੇ ਤੁਰ ਗਿਓਂ ਬੁੱਲ੍ਹਿਆ ? 27
ਉਡੀਕ 28
ਛੂਹ ਦੀ ਭਾਸ਼ਾ 29
ਫੇਸਬੁੱਕ ਜੋਗੀ 30
ਨਵਾਂ ਜਨਮ 31
ਤੁਰਦੀ ਫਿਰਦੀ ਪੇਂਟਿੰਗ 32
ਪਲਕ ਹੇਠ ਸੂਰਜ 33
ਦੁਭਾਸ਼ੀਆ 34
ਸੁਕੜ ਰਿਹਾ ਆਸਮਾਨ 35
ਐਨਕਾਂ ਨਾਲੋਂ ਟੁੱਟੀ ਨਜ਼ਰ 36
ਕਾਗ਼ਜ਼ ਦੀ ਬੇੜੀ 37
ਮੁਹੱਬਤ-ਮੁਖੀ 38
ਸ਼ਬਦ ਦੀ ਵਾਪਸੀ 39
ਬੇ-ਘਰੇ 40
ਅੱਜ ਦੀ ਰਾਮਾਇਣ ਦੇ ਕਿਰਦਾਰ 41
ਬਿਖਰੇ ਹੋਏ ਮਾਨਵ 42
ਉਦਾਸੀ 43
ਨਿਸ਼ਬਦ ਆਨੰਦ 44
ਨਵੇਂ ਖੁਦਾ 45
ਉਬਾਸੀ ਤੇ ਉਦਾਸੀ 46
ਮਨੁੱਖ-ਹੀਣਤਾ ਵਲ ਵਧਦੇ ਕਦਮ 47
ਤ੍ਰੇੜਾਂ 48
ਸਾਗਰ ਦੀ ਰੁੱਤ 49
ਤਿੜਕੇ ਹੋਏ ਸ਼ੀਸ਼ੇ 50
ਨਿਰ-ਅਰਥ ਜੀਵਨ 51
ਲਗਾਤਾਰ ਆਤਮ-ਹੱਤਿਆ 52
ਇਕਲਾਪੇ ਦਾ ਸਫਰ 53
ਅੱਜ ਦੀ ਨਾਰੀ 54
ਬ੍ਰਹਮ-ਗਿਆਨੀ 55
ਇਕਲਾਪਾ 56
ਚਿਹਰਿਆਂ ਦਾ ਚੱਕ੍ਰਵਯੂਹ 57
ਟਰੈਫਿਕ ਲਾਈਟਾਂ ਤੇ ਮੈਂ 58
ਵਿਅਕਤੀਹੀਣਤਾ 59
ਅਰਥ-ਹੀਣ ਸੁੰਦਰਤਾ 60
ਯਾਦ 61
ਆਦਿ ਅੰਤ ਤੋਂ ਪਾਰ 62
ਦਿਵਾ-ਸਵਪਨ 63
ਚੋਰ-ਭੁਲਾਈ 64
ਮੁੱਖ-ਪੋਥੀ-ਪਰਵਾਰ 65


## ਫੁਟਕਲ ਕਵਿਤਾਵਾਂ ਅਤੇ ਗੀਤ


ਅੱਖ ਦਾ ਵਲ 69
ਬੇਨਾਮ 70
ਕਵਨ ਤੁਹਾਡਾ ਦੇਸ਼ ? 71
ਦਿਲ ਦਾ ਮਾਮਲਾ 73
ਅਲਵਿਦਾ ਦਾ ਮੌਸਮ 75

ਕਾਵਿ-ਨਾਟਕ "ਆਪੋ ਆਪਣੇ ਦਰਿਆ" ਦਾ ਥੀਮ-ਗੀਤ 77
ਕਾਵਿ-ਨਾਟਕ "ਹੋਂਦ ਨਿਹੋਂਦ" ਲਈ ਲਿਖਿਆ ਮਾਹੀਆ-1 79
ਕਾਵਿ-ਨਾਟਕ "ਹੋਂਦ ਨਿਹੋਂਦ" ਲਈ ਲਿਖਿਆ ਮਾਹੀਆ-2 81
ਕਾਵਿ-ਨਾਟਕ "ਹੋਂਦ ਨਿਹੋਂਦ" ਲਈ ਲਿਖਿਆ ਮਾਹੀਆ-3 82
ਕਾਵਿ-ਨਾਟਕ "ਭਰਮ-ਜਲ" ਦਾ ਥੀਮ-ਗੀਤ 84
ਕਾਵਿ-ਨਾਟਕ "ਭਰਮ-ਜਲ" ਲਈ ਲਿਖਿਆ ਮਾਹੀਆ 85
ਕਾਵਿ-ਨਾਟਕ "ਸਿਆਸੀ ਦੰਦ-ਕਥਾ" ਲਈ ਲਿਖੀ ਕਵੀਸ਼ਰੀ 86


## ਸੁਖਨ ਜਿਨ੍ਹਾਂ ਦੇ ਪੱਲੇ-7


ਸ਼ਾਇਰੀ ਦਾ ਲਗਾਤਾਰ ਵਗਦਾ ਦਰਿਆ : ਰਵਿੰਦਰ ਰਵੀ -ਜਸਪਾਲ ਘਈ 91
ਫੇਸਬੁੱਕ ਲਈ ਲਿਖੀ ਇਕ ਟਿਪਣੀ ਅਤੇ ਫੇਸਬੁੱਕ ਉੱਤੇ ਪੋਸਟ ਹੋਈਆਂ ਰਵਿੰਦਰ ਰਵੀ ਦੀਆਂ ਹੇਠ ਲਿਖੀਆਂ ਕਵਿਤਾਵਾਂ :
ਬਾਜ਼ ਦੀ ਨਜ਼ਰ, ਇਕ ਨਜ਼ਮ ਦਾ ਸਾਥ, ਨਵੀਂ ਸਦੀ ਦੀ ਨਵੀਂ ਤਾਸ਼, ਬੁੱਢਾ ਆਸਮਾਨ ਤੇ ਸ਼ਬਦੀਂ ਗੰਢ ਪਵੈ ਸੰਸਾਰ 93-98


## ਅੰਤਿਕਾ


ਰਵਿੰਦਰ ਰਵੀ ਰਚਿਤ ਕਾਵਿ-ਸੰਗ੍ਰਹਿਆਂ ਦਾ ਵੇਰਵਾ 101
ਰਵਿੰਦਰ ਰਵੀ ਰਚਿਤ ਕਾਵਿ-ਨਾਟਕਾਂ ਦਾ ਵੇਰਵਾ 104
ਰਵਿੰਦਰ ਰਵੀ ਰਚਿਤ ਕਹਾਣੀ-ਸੰਗ੍ਰਹਿਆਂ ਦਾ ਵੇਰਵਾ 106
ਰਵਿੰਦਰ ਰਵੀ ਰਚਿਤ ਫੁਟਕਲ ਪੁਸਤਕਾਂ ਦਾ ਵੇਰਵਾ 108
ਰਵਿੰਦਰ ਰਵੀ ਦੀ ਸਵੈ-ਜੀਵਨੀ 7 ਵੀਡੀਓ-ਭਾਗਾਂ ਵਿਚ 109
ਰਵਿੰਦਰ ਰਵੀ ਦੇ ਸਾਹਿਤ ਉੱਤੇ ਪ੍ਰਾਪਤ ਆਲੋਚਨਾਤਮਕ ਪੁਸਤਕਾਂ 110
ਰਵਿੰਦਰ ਰਵੀ ਦੇ ਸਾਹਿਤ ਉੱਤੇ ਪੀ.ਐੱਚ.ਡੀ. ਪੱਧਰ ਦਾ ਖੋਜ-ਕਾਰਜ 113
ਰਵਿੰਦਰ ਰਵੀ ਦੇ ਸਾਹਿਤ ਉੱਤੇ ਐੱਮ.ਫਿਲ. ਪੱਧਰ ਦਾ ਤੇ ਐੱਮ.ਏ. ਦਾ ਖੋਜ-ਕਾਰਜ 115
ਰਵਿੰਦਰ ਰਵੀ ਨੂੰ ਮਿਲੇ ਪੁਰਸਕਾਰਾਂ ਦਾ ਵੇਰਵਾ 117
ਰਵਿੰਦਰ ਰਵੀ ਨੂੰ ਮਿਲੇ ਸਨਮਾਨਾਂ ਦਾ ਵੇਰਵਾ 120
ਇਆਪਾ (I.A.P.A.A.) ਵਲੋਂ ਦਿੱਤੇ ਗਏ ਪੁਰਸਕਾਰ 122


## ਪੁਸਤਕ ਦਰਸ਼ਨ


ਰਵਿੰਦਰ ਰਵੀ ਰਚਿਤ ਕਾਵਿ-ਸੰਗ੍ਰਹਿ : ਆਪਣੇ ਖ਼ਿਲਾਫ਼ ਡਾ. ਜਗੀਰ ਸਿੰਘ ਨੂਰ 129
ਰਵਿੰਦਰ ਰਵੀ ਦਾ ਕਾਵਿ-ਸ਼ਾਸਤਰੀ ਚਿੰਤਨ ਡਾ. ਜਗੀਰ ਸਿੰਘ ਨੂਰ 132




# ਰਵਿੰਦਰ ਰਵੀ ਦਾ ਜੀਵਨ ਬਿਓਰਾ

| | | |
|---|---|---|
| ਜਨਮ | : | ਮਾਰਚ 8, 1937, ਸਿਆਲਕੋਟ (ਪਾਕਿਸਤਾਨ) |
| ਜਨਮ-ਮਿਤੀ | : | ਸਰਕਾਰੀ ਰੀਕਾਰਡ ਵਿਚ ਮਾਰਚ 8, 1938 ਦਰਜ ਹੈ |
| ਪਿਤਾ | : | ਪ੍ਰੋ. ਪਿਆਰਾ ਸਿੰਘ ਗਿੱਲ |
| ਮਾਤਾ | : | ਚਰਨਜੀਤ ਕੌਰ |
| ਪਤਨੀ | : | ਕਸ਼ਮੀਰ ਕੌਰ |
| ਪੁੱਤਰ | : | ਅੰਮ੍ਰਿਤਪਾਲ ਅਤੇ ਸਹਿਜਪਾਲ |
| ਨੂੰਹਾਂ | : | ਪਲਬਿੰਦਰ ਤੇ ਮਨਵੀਨ |
| ਪੋਤਰੀਆਂ | : | ਮਨਪ੍ਰੀਯਾ ਤੇ ਮੋਹਨਾਮ |
| ਪੋਤਰੇ | : | ਈਮਾਨ, ਕੁਰਬਾਨ ਤੇ ਸਾਗਰ |
| ਵਿੱਦਿਆ | : | ਐਮ. ਏ., ਬੀ. ਏ. (ਆਨਰਜ਼), ਬੀ. ਟੀ. |
| ਜੱਦੀ ਪਿੰਡ | : | ਜਗਤਪੁਰ (ਨਵਾਂ ਸ਼ਹਿਰ) |

ਰਵੀ ਨੇ ਮੁੱਢਲੀ ਵਿੱਦਿਆ ਸਿਆਲਕੋਟ ਦੇ ਖਾਲਸਾ ਸਕੂਲ ਵਿਚ ਪ੍ਰਾਪਤ ਕੀਤੀ ਅਤੇ ਚੌਥੀ ਸ਼੍ਰੇਣੀ ਵਿਚ ਡਿਸਟ੍ਰਿਕਟ ਬੋਰਡ ਦਾ ਵਜ਼ੀਫ਼ਾ ਵੀ ਹਾਸਿਲ ਕੀਤਾ। ਉਸ ਦੇ ਪਿਤਾ ਉਸ ਸਮੇਂ ਮਰੇ ਕਾਲਜ ਸਿਆਲਕੋਟ ਵਿਚ ਪੰਜਾਬੀ ਦੇ ਅਧਿਆਪਕ ਸਨ। 1947 ਦੇ ਬਟਵਾਰੇ ਉਪਰੰਤ ਰਵਿੰਦਰ ਰਵੀ ਸਿਆਲਕੋਟ ਨੂੰ ਛੱਡ ਕੇ ਆਪਣੇ ਪਰਵਾਰ ਸਮੇਤ, ਆਪਣੇ ਜੱਦੀ ਪਿੰਡ ਜਗਤਪੁਰ, ਜ਼ਿਲ੍ਹਾ ਨਵਾਂ ਸ਼ਹਿਰ ਵਿਚ ਆ ਵੱਸਿਆ। ਏਥੋਂ ਡੇਢ ਕੁ ਮੀਲ 'ਤੇ ਸਥਿਤ ਸਰਹਾਲ ਕਾਜ਼ੀਆਂ ਦੇ ਖਾਲਸਾ ਹਾਈ ਸਕੂਲ ਤੋਂ ਉਸ ਨੇ, 1952 ਵਿਚ, ਮੈਟ੍ਰਿਕੁਲੇਸ਼ਨ ਦਾ ਇਮਤਿਹਾਨ ਪਾਸ ਕੀਤਾ ਅਤੇ ਲਾਇਲਪੁਰ ਖਾਲਸਾ ਕਾਲਜ, ਜਲੰਧਰ ਵਿਚ ਐਫ. ਐਸ. ਸੀ. (ਮੈਡੀਕਲ) ਵਿਚ ਦਾਖ਼ਲਾ ਲੈ ਲਿਆ। ਉਨ੍ਹਾਂ ਦਿਨਾਂ ਵਿਚ ਉਸ

ਦੇ ਪਿਤਾ ਪ੍ਰੋਫੈਸਰ ਪਿਆਰਾ ਸਿੰਘ ਗਿੱਲ, ਇਸ ਕਾਲਜ ਵਿਚ ਪੰਜਾਬੀ ਦੇ ਅਧਿਆਪਕ ਸਨ। ਉਨ੍ਹਾਂ ਦੀ ਇੱਛਾ ਸੀ ਕਿ ਰਵੀ ਐਮ. ਬੀ. ਬੀ. ਐਸ. ਕਰਕੇ ਡਾਕਟਰ ਬਣੇ। ਪਰ ਰਵੀ ਨੂੰ ਮੈਡੀਕਲ ਸਾਇੰਸ ਦੇ ਇਨ੍ਹਾਂ ਵਿਸ਼ਿਆਂ ਵਿਚ ਕੋਈ ਦਿਲਚਸਪੀ ਨਹੀਂ ਸੀ। ਐਫ. ਐਸ. ਸੀ. 'ਚੋਂ ਦੋ ਕੁ ਵਾਰ ਫੇਲ੍ਹ ਹੋ ਕੇ, 1955 ਵਿਚ ਉਸ ਨੇ ਜਲੰਧਰ ਦੇ ਦੋਆਬਾ ਖਾਲਸਾ ਹਾਈ ਸਕੂਲ ਵਿਚ ਜੇ. ਬੀ. ਟੀ. (ਜੂਨੀਅਰ ਬੇਸਿਕ ਟੀਚਰਜ਼ ਟ੍ਰੇਨਿੰਗ) ਵਿਚ ਦਾਖ਼ਲਾ ਲੈ ਲਿਆ। 14 ਮਈ, 1956 ਨੂੰ, ਜੇ. ਬੀ. ਟੀ. ਪਾਸ ਕਰਨ ਉਪਰੰਤ, ਉਹ ਆਪਣੇ ਜੱਦੀ ਪਿੰਡ ਜਗਤਪੁਰ ਦੇ ਸਕੂਲ ਵਿਚ ਅਧਿਆਪਕ ਲੱਗ ਗਿਆ। ਅਗਲੇ 8 ਕੁ ਸਾਲਾਂ ਵਿਚ ਏਥੇ ਪੜ੍ਹਾਉਂਦਿਆਂ ਹੀ ਉਸ ਨੇ ਗਿਆਨੀ, ਬੀ. ਏ., ਐਮ. ਏ. ਅਤੇ ਬੀ. ਟੀ. ਦੀਆਂ ਪ੍ਰੀਖਿਆਵਾਂ ਪਾਸ ਕੀਤੀਆਂ। ਇਸ ਉਪਰੰਤ 6 ਕੁ ਮਹੀਨੇ ਜਲੰਧਰ ਦੇ ਗੌਰਮੈਂਟ ਮਾਡਲ ਹਾਇਰ ਸੈਕੰਡਰੀ ਸਕੂਲ ਵਿਚ ਅਤੇ ਦੋ ਕੁ ਸਾਲ ਤਲਵਣ, ਜ਼ਿਲ੍ਹਾ ਜਲੰਧਰ ਦੇ ਗੌਰਮੈਂਟ ਹਾਇਰ ਸੈਕੰਡਰੀ ਸਕੂਲ ਵਿਚ ਉਸ ਨੇ ਅੰਗਰੇਜ਼ੀ ਅਤੇ ਪੰਜਾਬੀ ਦਾ ਅਧਿਆਪਨ ਕੀਤਾ।

ਇਸ ਤਰ੍ਹਾਂ ਰਵਿੰਦਰ ਰਵੀ ਪੰਜਾਬ ਦੇ ਸਰਕਾਰੀ ਸਕੂਲਾਂ ਵਿਚ ਲਗਭਗ ਦਸ ਸਾਲ ਅਧਿਆਪਨ ਉਪਰੰਤ ਜਨਵਰੀ 1967 ਵਿਚ ਕੀਨੀਆਂ ਚਲਾ ਗਿਆ। ਅਗਲੇ ਅੱਠ ਸਾਲ ਕੀਨੀਆਂ ਵਿਚ ਅਧਿਆਪਨ ਦੇ ਦੌਰਾਨ ਉਸ ਨੇ ਯੂਰਪ, ਉੱਤਰੀ ਅਮਰੀਕਾ, ਅਫ਼ਰੀਕਾ ਤੇ ਏਸ਼ੀਆ ਦੇ ਕਈ ਦੇਸ਼ਾਂ ਦਾ ਵਿਸ਼ਾਲ ਦੇਸ਼ਾਰਟਨ ਕੀਤਾ।

1974 ਦੇ ਅੰਤ ਵਿਚ ਉਹ ਮੱਧ ਪੂਰਬ, ਯੂਰਪ ਤੇ ਇੰਗਲੈਂਡ ਦੀ ਗਰਦੌਰੀ ਕਰਦਾ, ਪੱਕੇ ਤੌਰ 'ਤੇ ਕੈਨੇਡਾ ਆ ਗਿਆ। ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ (ਬੀ. ਸੀ.) ਪ੍ਰਾਂਤ ਦੇ ਵਿੱਦਿਅਕ ਮੰਤਰਾਲੇ ਤੋਂ ਉਸ ਨੇ 1975 ਵਿਚ ਪ੍ਰੋਫੈਸ਼ਨਲ ਟੀਚਿੰਗ ਸਰਟੀਫਿਕੇਟ ਪ੍ਰਾਪਤ ਕੀਤਾ ਤੇ ਬੀ. ਸੀ. ਕਾਲਜ ਆਫ ਟੀਚਰਜ਼ ਦਾ ਮੈਂਬਰ ਬਣ ਗਿਆ। ਬਾਅਦ ਵਿਚ ਉਸ ਨੇ ਸ਼ਿਕਾਰ ਖੇਡਣ (Hunting) ਦਾ ਡਿਪਲੋਮਾ ਵੀ ਪ੍ਰਾਪਤ ਕੀਤਾ।

ਏਥੇ ਸੈਕੰਡਰੀ ਸਕੂਲ ਵਿਚ ਅੰਗੇਰਜ਼ੀ ਤੇ ਸਮਾਜ-ਸ਼ਾਸਤਰ ਵਿਭਾਗ ਦੇ ਮੁਖੀ ਦੇ ਤੌਰ 'ਤੇ ਗਿਆਰਾਂ ਕੁ ਸਾਲ ਅੰਗਰੇਜ਼ੀ ਭਾਸ਼ਾ, ਅੰਗਰੇਜ਼ੀ ਸਾਹਿਤ, ਪੱਤਰਕਾਰੀ ਤੇ ਸਾਹਿਤ-ਰਚਨਾ ਪੜ੍ਹਾਉਣ ਉਪਰੰਤ ਡਿਸਟ੍ਰਿਕਟ ਰੀਸੋਰਸ ਸੈਂਟਰ ਦਾ ਕੋਆਰਡੀਨੇਟਰ ਬਣ ਕੇ ਉਹ ਖੋਜ-ਵਿੱਦਿਆ ਪੜ੍ਹਾਉਂਦਾ ਰਿਹਾ। ਸਤੰਬਰ, 1991 ਤੋਂ 30 ਜੂਨ, 2003 ਤਕ, ਉਸ ਨੇ ਨਿਸਗਾ ਟੀਚਰਜ਼ ਯੂਨੀਅਨ ਦੇ ਕੁਲਵਕਤੀ ਪ੍ਰਧਾਨ ਦੇ ਤੌਰ 'ਤੇ ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਪ੍ਰਾਂਤ ਵਿਚ ਅਧਿਆਪਕ ਰਾਜਨੀਤੀ ਅਤੇ ਟ੍ਰੇਡ ਯੂਨੀਅਨ ਮੂਵਮੈਂਟ ਵਿਚ ਸਰਗਰਮ ਹਿੱਸਾ ਲਿਆ ਤੇ ਆਪਣਾ ਯੋਗਦਾਨ ਪਾਇਆ। 1 ਜਲਾਈ, 2003 ਤੋਂ ਉਹ ਅਧਿਆਪਨ ਦੇ ਇਸ ਕਿੱਤੇ ਤੋਂ ਪੂਰਨ ਤੌਰ 'ਤੇ ਸੇਵਾ-ਮੁਕਤ ਹੋ ਕੇ ਕੁਲਵਕਤੀ ਲੇਖਕ ਬਣ ਗਿਆ।

ਰਵੀ ਸਭ ਤੋਂ ਪਹਿਲਾ ਪਰਵਾਸੀ ਲੇਖਕ ਹੈ, ਜਿਸ ਨੂੰ ਭਾਸ਼ਾ ਵਿਭਾਗ



ਪੰਜਾਬ ਤੇ ਪੰਜਾਬ ਆਰਟਸ ਕੌਂਸਲ ਨੇ, 1980 ਵਿਚ ਸ਼੍ਰੋਮਣੀ ਸਾਹਿਤਕਾਰ ਦੇ ਪੁਰਸਕਾਰਾਂ ਨਾਲ ਸਨਮਾਨਿਆ। ਉਸਦੇ ਨਾਟਕ "ਅੱਧੀ ਰਾਤ ਦੁਪਹਿਰ" (1983) ਨੂੰ ਭਾਸ਼ਾ ਵਿਭਾਗ ਪੰਜਾਬ ਨੇ 'ਈਸ਼ਵਰ ਚੰਦਰ ਨੰਦਾ ਪੁਰਸਕਾਰ' ਨਾਲ ਸਨਮਾਨਤ ਕੀਤਾ। 1992 ਵਿਚ ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਨੇ ਕਰਤਾਰ ਸਿੰਘ ਧਾਲੀਵਾਲ ਪੁਰਸਕਾਰ ਨਾਲ, 1993 ਵਿਚ ਏਸ਼ੀਅਨ ਰਾਈਟਰਜ਼ ਐਸੋਸੀਏਸ਼ਨ (ਡੈਨਮਾਰਕ) ਨੇ ਬਾਬਾ ਬੁੱਲ੍ਹੇ ਸ਼ਾਹ ਪੁਰਸਕਾਰ ਨਾਲ ਤੇ 1994 ਵਿਚ ਪੰਜਾਬੀ ਸਾਹਿਤ ਸਭਾ ਕੈਲੇਫੋਰਨੀਆ (ਅਮਰੀਕਾ) ਨੇ ਸ਼੍ਰੋਮਣੀ ਸਾਹਿਤਕਾਰ ਪੁਰਸਕਾਰ ਨਾਲ ਸਨਮਾਨਿਆ। ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ 2000 ਵਿਚ ਪ੍ਰੋ. ਪੂਰਨ ਸਿੰਘ ਦਹਿਸਦੀ (ਮਿਲੇਨੀਅਮ) ਪੁਰਸਕਾਰ ਨਾਲ ਅਤੇ 2001 ਵਿਚ ਮਹਾਰਾਜਾ ਰਣਜੀਤ ਸਿੰਘ ਪੁਰਸਕਾਰ ਨਾਲ ਸਨਮਾਨਤ ਕੀਤਾ। ਜੂਨ, 2003 ਵਿਚ ਨਿਸਗਾ ਸਕੂਲ-ਜ਼ਿਲ੍ਹੇ ਦੇ ਸਕੂਲ ਬੋਰਡ ਨੇ ਅਤੇ ਜਨਵਰੀ, 2004 ਵਿਚ ਨਿਸਗਾ ਟੀਚਰਜ਼ ਯੂਨੀਅਨ ਨੇ ਉਸ ਦਾ ਵਿਸ਼ੇਸ਼ ਅਭਿਨੰਦਨ ਕੀਤਾ। 22 ਅਗਸਤ, 2004 ਨੂੰ ਵਿਸ਼ਵ ਪੰਜਾਬੀ ਸਾਹਿਤ ਅਕਾਡਮੀ, ਕੈਲੇਫੋਰਨੀਆਂ ਯੂ. ਐਸ. ਏ. ਨੇ ਤੇ 2005 ਵਿਚ ਇੰਡੋ ਕਨੇਡੀਅਨ ਕਲਚਰਲ ਐਸੋਸੀਏਸ਼ਨ (ਕੈਨੇਡਾ) ਨੇ ਰਵੀ ਨੂੰ ਸਮੁੱਚੀ ਸਾਹਿਤਿਕ ਦੇਣ ਲਈ ਸਨਮਾਨਿਆ।

22 ਜਨਵਰੀ, 2006 ਨੂੰ ਲਾਹੌਰ ਪਾਕਿਸਤਾਨ ਵਿਚ, ਰਵਿੰਦਰ ਰਵੀ ਨੂੰ "ਅਦਾਰਾ ਪੰਜਾਬੀ ਜ਼ਬਾਨ ਤੇ ਸਕਾਫ਼ਤ" ਨੇ "ਜੀਵਨ-ਕਾਲ-ਪ੍ਰਾਪਤੀ-ਪੁਰਸਕਾਰ" ਨਾਲ, "ਵਰਲਡ ਇਨਸਟੀਚਿਊਟ ਆਫ਼ ਪੰਜਾਬੀ ਲਿਟਰੇਚਰ ਐਂਡ ਹੈਰੀਟੇਜ" ਨੇ "ਤਮਗ਼ਾ-ਏ-ਹੁਸਨ-ਏ-ਕਾਰਕਰਦਗੀ" ਨਾਲ, "ਐਸੋਸੀਏਸ਼ਨ ਆਫ਼ ਰਾਈਟਰਜ਼ ਐਂਡ ਆਰਟਿਸਟਸ" ਨੇ "ਗੋਲਡ ਮੈਡਲ" ਨਾਲ ਅਤੇ ਲਾਹੌਰ ਦੇ ਪੰਜਾਬੀ ਪੱਤਰਕਾਰਾਂ ਦੀ ਸੰਸਥਾ ਨੇ "ਸ਼ਾਲ" ਨਾਲ ਅਭਿਨੰਦਤ ਕੀਤਾ। ਇਸੇ ਸਾਲ ਭਾਰਤ ਵਿਚ ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ:) ਤੇ ਪੰਜਾਬੀ ਲੇਖਕ ਸਭਾ, ਜਗਤਪੁਰ (ਰਜਿ:) ਨੇ ਵੀ ਉਸ ਦਾ ਉਚੇਚਾ ਸਨਮਾਨ ਕੀਤਾ। ਸਾਲ 2006 ਵਿਚ ਹੀ ਖਾਲਸਾ ਦੀਵਾਨ ਸੋਸਾਇਟੀ, ਵੈਨਕੂਵਰ (ਕੈਨੇਡਾ) ਨੇ ਆਪਣੇ ਸੌ ਸਾਲਾ ਯਾਦਗਾਰੀ ਦਿਵਸ ਦੇ ਸਮਾਗਮ ਸਮੇਂ ਰਵੀ ਨੂੰ ਉਸਦੀਆਂ ਸਮੁੱਚੀਆਂ ਸਾਹਿਤਿਕ ਪ੍ਰਾਪਤੀਆਂ ਲਈ "ਵਿਲੱਖਣ-ਪ੍ਰਾਪਤੀ-ਪੁਰਸਕਾਰ" ਨਾਲ ਸਨਮਾਨਤ ਕੀਤਾ। 2007 ਵਿਚ ਵੀ ਉਸਨੂੰ ਪੰਜਾਬੀ ਅਕਾਦਮੀ, ਲਿਸਟਰ (ਇੰਗਲੈਂਡ), ਸਿਪਸਾ ਤੇ ਅਦਾਰਾ ਵੀਯਨਜ਼ ਆਫ਼ ਪੰਜਾਬ ਟੀ.ਵੀ., ਟਰਾਂਟੋ, ਕੈਨੇਡਾ ਨੇ ਸਨਮਾਨਤ ਕੀਤਾ। 2008 ਵਿਚ ਕੈਨੇਡਾ ਦੇ 'ਪਰਵਾਸੀ ਮੀਡੀਆ ਗਰੁੱਪ' ਨੇ ਉਸ ਨੂੰ "ਸਰਬ-ਸ੍ਰੇਸ਼ਟ ਸਾਹਿਤਕਾਰ ਪੁਰਸਕਾਰ" ਭੇਟ ਕੀਤਾ। 2011 ਵਿਚ ਜੇ ਪੰਜਾਬੀ ਨਾਟਕ ਅਕਾਦਮੀ (ਲੁਧਿਆਣਾ, ਭਾਰਤ) ਨੇ ਰਵਿੰਦਰ ਰਵੀ ਨੂੰ "ਨਾਟ ਸ਼੍ਰੋਮਣੀ" ਪੁਰਸਕਾਰ ਨਾਲ ਸਨਮਾਨਣ ਦੀ ਘੋਸ਼ਨਾ ਕੀਤੀ ਤਾਂ "ਯੂਨੀਵਰਸਿਟੀ ਆਫ਼

ਬ੍ਰਿਟਿਸ਼ ਕੋਲੰਬੀਆ (UBC)", ਵੈਨਕੂਵਰ, ਕੈਨੇਡਾ ਅਤੇ "ਕੇਂਦਰੀ ਪੰਜਾਬੀ ਲੇਖਕ ਸਭਾ (ਉੱਤਰੀ ਅਮਰੀਕਾ) ਸਰੀ, ਕੈਨੇਡਾ" ਨੇ ਉਸ ਨੂੰ "ਜੀਵਨ-ਕਾਲ ਪ੍ਰਾਪਤੀ" ਪੁਰਸਕਾਰਾਂ ਨਾਲ ਸਨਮਾਨਿਆ। ਸਾਲ 2012 ਵਿਚ "ਅਰਪਨ ਲਿਖਾਰੀ ਸਭਾ", ਕੈਲਗਰੀ (ਅਲਬਰਟਾ, ਕੈਨੇਡਾ) ਨੇ ਰਵੀ ਨੂੰ "ਇਕਬਾਲ ਅਰਪਨ ਯਾਦਗਾਰੀ ਜੀਵਨ-ਕਾਲ ਪ੍ਰਾਪਤੀ ਪੁਰਸਕਾਰ" ਨਾਲ ਅਭਿਨੰਦਤ ਕੀਤਾ। 2013 ਵਿਚ "ਪੰਜਾਬੀ ਆਰਸੀ ਰਾਈਟਰਜ਼ ਕਲੱਬ (ਕੈਨੇਡਾ)" ਨੇ ਉਸ ਨੂੰ 'ਜੀਵਨ-ਕਾਲ ਪ੍ਰਾਪਤੀ ਪੁਰਸਕਾਰ' ਦਿੱਤਾ।

ਉਹ ਇਆਪਾ ਦਾ ਮੋਢੀ ਪ੍ਰਧਾਨ ਤੇ ਅੰਤਰ-ਰਾਸ਼ਟਰੀ ਸ਼੍ਰੋਮਣੀ ਸਾਹਿਤਕਾਰ ਪੁਰਸਕਾਰ ਦਾ ਸੰਚਾਲਕ ਹੈ। ਰਵਿੰਦਰ ਰਵੀ ਪਾਕਿਸਤਾਨ ਤੋਂ ਬਾਹਰ ਵੱਸਦਾ ਪਹਿਲਾ ਗ਼ੈਰ-ਪਾਕਿਤਸਾਨੀ ਲੇਖਕ ਹੈ—ਜਿਸਦੀਆਂ ਪੁਸਤਕਾਂ ਕਾਇਦੇ ਆਜ਼ਮ ਯੂਨੀਵਰਸਿਟੀ, ਇਸਲਾਮਾਬਾਦ ਵਿਚ ਐਮ. ਏ. (ਪੰਜਾਬੀ) ਦੇ ਕੋਰਸ ਵਿਚ ਲੱਗੀਆਂ ਰਹੀਆਂ ਹਨ। ਪਾਕਿਸਤਾਨ ਵਿਚ ਉਸ ਦੇ ਕਾਵਿ-ਨਾਟਕਾਂ ਉੱਤੇ ਪੀ.ਐੱਚ.ਡੀ. ਪੱਧਰ ਦਾ ਖੋਜ-ਕਾਰਜ ਵੀ ਹੋ ਚੁੱਕਾ ਹੈ। ਪੰਜਾਬੀ ਡਰਾਮੇ ਉੱਤੇ ਆਪਣਾ ਇਹ ਖੋਜ-ਕਾਰਜ, ਡਾ. ਨਿਗਹਤ ਖ਼ੁਰਸ਼ੀਦ ਨਾਰੂ ਨੇ, 2009 ਵਿਚ, ਪੰਜਾਬ ਯੂਨੀਵਰਸਿਟੀ, ਲਾਹੌਰ, ਨੂੰ ਪ੍ਰਸਤੁਤ ਕੀਤਾ।

ਡਾ. ਰਵਿੰਦਰ ਕੌਰ ਬੇਦੀ ਨੇ "ਰਵਿੰਦਰ ਰਵੀ ਦੇ ਕਾਵਿ-ਨਾਟਕਾਂ ਦਾ ਥੀਮ-ਵਿਗਿਆਨਕ ਅਧਿਐਨ", ਵਿਸ਼ੇ ਉੱਤੇ, ਆਪਣਾ ਖੋਜ-ਕਾਰਜ, 2008 ਵਿਚ, ਦਿੱਲੀ ਯੂਨੀਵਰਸਿਟੀ (ਭਾਰਤ) ਨੂੰ ਪ੍ਰਸਤੁਤ ਕਰਕੇ, ਪੀ.ਐਚ.ਡੀ. ਦੀ ਡਿਗਰੀ ਪ੍ਰਾਪਤ ਕੀਤੀ, ਜੋ ਪੁਸਤਕ ਰੂਪ ਵਿਚ 2014 ਵਿਚ ਛਪੀ। ਡਾ. ਕਿਰਨਦੀਪ ਕੌਰ ਨੇ "ਰਵਿੰਦਰ ਰਵੀ ਦਾ ਰਚਨਾ-ਸੰਸਾਰ : ਸੰਵੇਦਨਾ ਤੇ ਸੁਹਜ-ਸੰਸਾਰ", ਵਿਸ਼ੇ ਉੱਤੇ ਆਪਣਾ ਖੋਜ-ਕਾਰਜ, 2013 ਵਿਚ ਸੰਪੂਰਨ ਕਰਕੇ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਜਾਬ, ਭਾਰਤ ਤੋਂ ਪੀ.ਐਚ.ਡੀ. ਦੀ ਡਿਗਰੀ ਪ੍ਰਾਪਤ ਕੀਤੀ। ਉਸ ਦਾ ਇਹ ਖੋਜ-ਕਾਰਜ ਪੁਸਤਕ-ਰੂਪ ਵਿਚ ਵੀ ਛਪ ਚੁੱਕਾ ਹੈ।

ਪੰਜਾਬੀ ਕਾਵਿ-ਨਾਟਕ ਦੇ ਖੇਤਰ ਵਿਚ ਰਵਿੰਦਰ ਰਵੀ ਨੇ ਇਕ ਨਵਾਂ ਤੇ ਵਿਲੱਖਣ ਇਤਿਹਾਸ ਸਿਰਜਿਆ ਹੈ। ਉਸ ਨੇ ਹੁਣ ਤਕ, 16 ਕਾਵਿ-ਨਾਟਕ ਲਿਖੇ ਹਨ ਅਤੇ ਉਨ੍ਹਾਂ ਵਿੱਚੋਂ ਹੁਣ ਤਕ 14, ਭਾਰਤ ਦੇ ਨਾਮਵਰ ਰੰਗਕਰਮੀਆਂ ਵਲੋਂ ਖੇਡੇ ਜਾ ਚੁੱਕੇ ਹਨ।

2015 ਵਿਚ CIPSA (Canadian International Punjabi Sahit Academy - Brampton, ONT, Canada) ਨੇ ਰਵਿੰਦਰ ਰਵੀ ਨੂੰ "ਬਲਵੰਤ ਗਾਰਗੀ ਮੈਮੋਰੀਅਲ ਇੰਟਰਨੈਸ਼ਨਲ ਅਵਾਰਡ ਆਫ਼ ਡਿਸਟਿੰਕਸ਼ਨ" ਨਾਲ ਸਨਮਾਨਤ ਕੀਤਾ। ਇਹ ਪੁਰਸਕਾਰ ਉਸ ਨੂੰ ਕਾਵਿ-ਨਾਟਕ ਅਤੇ ਥੀਏਟਰ ਦੇ ਖੇਤਰ ਵਿਚ ਪਾਏ ਇਤਿਹਾਸਕ ਯੋਗਦਾਨ ਲਈ ਦਿੱਤਾ ਗਿਆ।



# "ਫੇਸਬੁੱਕ ਕਵਿਤਾ" : ਆਰੰਭਕ ਸ਼ਬਦ



# “ਫੇਸਬੁੱਕ ਕਵਿਤਾ” : ਆਰੰਭਕ ਸ਼ਬਦ



“ਫੇਸਬੁੱਕ ਕਵਿਤਾ”, 2018 ਵਿੱਚ ਛਪ ਰਿਹਾ, ਮੇਰਾ 22ਵਾਂ ਕਾਵਿ-ਸੰਗ੍ਰਹਿ ਹੈ। ਕਵਿਤਾ ਮੈਂ 1955 ਵਿੱਚ ਲਿਖਣੀ ਸ਼ੁਰੂ ਕੀਤੀ ਸੀ। 1961 ਵਿੱਚ ਮੇਰਾ ਪਹਿਲਾ ਕਾਵਿ-ਸੰਗ੍ਰਹਿ “ਦਿਲ ਦਰਿਆ ਸਮੁੰਦਰੋਂ ਡੂੰਘੇ” ਪ੍ਰਕਾਸ਼ਤ ਹੋਇਆ। ਜਨਵਰੀ, 1967 ਵਿੱਚ, ਕੀਨੀਆਂ ਜਾਣ ਤੋਂ ਪਹਿਲਾਂ, ਭਾਰਤ ਰਹਿੰਦਿਆਂ, ਮੇਰੇ ਹੇਠ ਲਿਖੇ ਤਿੰਨ ਕਾਵਿ-ਸੰਗ੍ਰਹਿ ਹੋਰ ਛਪੇ :

1 ਬੁੱਕਲ ਦੇ ਵਿੱਚ ਚੋਰ (1963), 2. ਬਿੰਦੂ (1965), 3. ਮੌਨ ਹਾਦਸੇ (1967)

ਕੀਨੀਆਂ ਵਿੱਚ ਰਹਿੰਦਿਆਂ, ਅਗਲੇ 8 ਸਾਲਾਂ ਵਿੱਚ ਮੈਂ 4 ਹੋਰ ਕਾਵਿ-ਸੰਗ੍ਰਹਿ ਛਾਪੇ। ਦਸੰਬਰ, 1974 ਵਿੱਚ ਮੈਂ ਕੈਨੇਡਾ ਆ ਗਿਆ। ਏਥੇ ਰਹਿੰਦਿਆਂ, ਮੈਂ 14 ਕਾਵਿ-ਸੰਗ੍ਰਹਿਆਂ ਦੀ ਰਚਨਾ ਕੀਤੀ। ਮੇਰਾ ਕਾਵਿ-ਸਫ਼ਰ ਨਿਰੰਤਰ ਜਾਰੀ ਹੈ। ਇਸ ਦੌਰਾਨ ਪ੍ਰਯੋਗ-ਚੇਤਨਾ ਸਦਾ ਮੇਰੇ ਅੰਗ ਸੰਗ ਰਹੀ ਹੈ।

ਫੇਰਬੁੱਕ ਸੋਸ਼ਲ ਮੀਡੀਏ ਦਾ ਇਕ ਸ਼ਕਤੀਸ਼ਾਲੀ ਰੂਪ ਹੈ, ਜਿਸਦੀ ਪਹੁੰਚ ਦਾ ਘੇਰਾ ਬਹੁਤ ਵਿਸ਼ਾਲ ਹੈ। ਪੂਰੇ ਵਿਸ਼ਵ ਵਿੱਚ ਇਸ ਦਾ ਬੋਲ ਬਾਲਾ ਹੈ। ਇਸ ਦੇ ਮੰਚ ਉੱਤੇ ਫੇਸਬੁੱਕੀਏ ਆਪਣੀਆਂ ਵਿਅਕਤੀਗਤ ਤਸਵੀਰਾਂ, ਸਿਮਰਤੀਆਂ, ਕਵਿਤਾਵਾਂ, ਕਲਾ-ਚਿਤਰ, ਮੂਰਤੀਆਂ, ਚੁਟਕਲੇ ਤੇ ਸਵੈ-ਕਥਨ ਆਦਿ ਬੇਝਿਜਕ ਹੋ ਕੇ ਇਕ ਦੂਜੇ ਨਾਲ ਸਾਂਝੇ ਕਰਦੇ ਰਹਿੰਦੇ ਹਨ।

ਫੇਸਬੁੱਕ ’ਤੇ ਪੁਸਤਕਾਂ ਉੱਤੇ ਗੰਭੀਰ ਬਹਿਸ ਵੀ ਹੁੰਦੀ ਹੈ। ਉਨ੍ਹਾਂ ਉੱਤੇ ਰੀਵੀਊ ਤੇ ਟਿੱਪਣੀਆਂ ਵੀ ਪੋਸਟ ਹੁੰਦੀਆਂ ਹਨ। ਕੁਝ ਲੋਕ ਵਿਸ਼ੇਸ਼ ਫੀਚਰ

ਲੇਖ ਵੀ ਲਿਖਦੇ ਹਨ। ਵਧੇਰੇ ਕਰਕੇ, ਫੇਸਬੁੱਕ ਉੱਤੇ ਆਕਾਰ ਵਿੱਚ ਛੋਟੀਆਂ ਪਰ ਪ੍ਰਭਾਵ ਵਿਚ ਵਡੇਰੀਆਂ ਜਾਂ ਦੀਰਘ ਰਚਨਾਵਾਂ ਮਕਬੂਲ ਹਨ। ਲੰਮੀਆਂ ਕਵਿਤਾਵਾਂ ਵੀ ਛਪਦੀਆਂ ਹਨ, ਪਰ ਉਨ੍ਹਾਂ ਦਾ ਘੇਰਾ ਗਿਣਤੀ ਦੇ ਗੰਭੀਰ ਪਾਠਕਾਂ ਤਕ ਸੀਮਤ ਹੋ ਜਾਂਦਾ ਹੈ।

ਜ਼ਿੰਦਗੀ ਦੇ ਸਮਕਾਲੀ ਯਥਾਰਥ ਦੀਆਂ ਨਿੱਕੀਆਂ ਨਿੱਕੀਆਂ ਘਟਨਾਵਾਂ, ਮਨੋਗੁੰਝਲਾਂ, ਉਦਾਸੀਆਂ, ਖੁਸ਼ੀਆਂ ਤੇ ਹੋਰ ਝਾਕੀਆਂ ਇਸ ਦੇ ਚਿਤਰਪਟ ਉੱਤੇ ਪ੍ਰਗਟ ਹੁੰਦੀਆਂ ਰਹਿੰਦੀਆਂ ਹਨ। ਕੋਈ ਮੂਡ, ਮਨੋਸਕੇਪ ਜਾਂ ਕੋਈ ਭਾਵ, ਪ੍ਰਭਾਵਵਾਦੀ ਜਾਂ ਨਾਟਕੀ ਰੂਪ ਵਿੱਚ ਇਸ ਦਾ ਅੰਗ ਬਣਦਾ ਹੈ।

ਫੇਸਬੁੱਕ ਆਪਣੇ ਆਪ ਨੂੰ ਪਰਿਭਾਸ਼ਤ ਕਰਦੀ ਹੋਈ, ਨਿਰੰਤਰ ਵਿਕਸਤ ਹੋ ਰਹੀ ਹੈ। ਇਸ ਦੇ ਵਿਸ਼ਾਲ ਘੇਰੇ ਵਿਚੋਂ ਨਵੀਂ ਉੱਸਰ ਰਹੀ ਫੇਸਬੁੱਕ ਕਲਚਰ ਦੇ ਨਕਸ਼ ਵਿਖਾਈ ਦਿੰਦੇ ਹਨ।

ਇਸ ਸੰਗ੍ਰਹਿ ਦੀ ਕਵਿਤਾ ਵੀ ਫੇਸ ਬੁੱਕ ਲਈ ਕੁਝ ਨਵੀਆਂ ਦਿਸ਼ਾਵਾਂ ਨਿਰਧਾਰਤ ਕਰਨ ਦਾ ਹੀ ਇਕ ਉਪਰਾਲਾ ਹਨ। ਇਸ ਪੁਸਤਕ ਨੂੰ ਮੈਂ ਹੇਠ ਲਿਖੇ ਭਾਗਾਂ ਵਿੱਚ ਵੰਡਿਆ ਹੈ :

## ਫੇਸਬੁੱਕ ਕਵਿਤਾ

ਇਸ ਭਾਗ ਵਿੱਚ, ਦੋ ਤਿੰਨ ਨੂੰ ਛੱਡ ਕੇ, ਬਾਕੀ ਸਭ ਕਵਿਤਾਵਾਂ ਆਕਾਰ ਵਿੱਚ ਛੋਟੀਆਂ ਹਨ। ਇਨ੍ਹਾਂ ਵਿੱਚੋਂ ਵਧੇਰੇ ਫੇਸਬੁੱਕ ਉੱਤੇ ਪੋਸਟ ਹੋ ਚੁੱਕੀਆਂ ਹਨ ਅਤੇ ਬਾਕੀ ਵੀ ਹੌਲੀ ਹੌਲੀ ਹੁੰਦੀਆਂ ਰਹਿਣਗੀਆਂ।

## ਫੁਟਕਲ ਕਵਿਤਾਵਾਂ ਅਤੇ ਗੀਤ

ਇਸ ਭਾਗ ਵਿੱਚ ਜਿੱਥੇ ਮੈਂ ਆਪਣੀਆਂ ਕੁਝ ਫੁਟਕਲ ਕਵਿਤਾਵਾਂ ਸ਼ਾਮਿਲ ਕੀਤੀਆਂ ਹਨ, ਉੱਥੇ ਆਪਣੇ ਕਾਵਿ-ਨਾਟਕਾਂ ਲਈ ਲਿਖੇ ਥੀਮ-ਗੀਤ ਤੇ ਲੋਕ-ਯਾਨਕ ਧੁਨਾਂ ਉੱਤੇ, ਆਧੁਨਿਕ ਸੰਵੇਦਨਾ ਤੇ ਸ਼ੈਲੀ ਅਨੁਸਾਰ ਲਿਖੇ ਗੀਤ ਵੀ ਸ਼ਾਮਲ ਕੀਤੇ ਹਨ। ਲੋਕ-ਗੀਤ ਮਾਹੀਆ ਦਾ ਇਕ ਇਕ ਟੱਪਾ ਆਪਣੇ ਆਪ ਵਿੱਚ ਇਕ ਮੁਕੰਮਲ ਕਵਿਤਾ ਹੈ। ਕਵੀਸ਼ਰੀ ਦਾ ਵੀ ਆਪਣਾ ਹੀ ਰੰਗ ਹੈ।

## ਸੁਖਨ ਜਿਨ੍ਹਾਂ ਦੇ ਪੱਲੇ-7

ਇਹ ਫੀਚਰ ਨਾਮਵਰ ਗ਼ਜ਼ਲਗੋ ਸੁਭਾਸ਼ ਘਈ ਨੇ ਮੇਰੇ ਅਤੇ ਮੇਰੀ ਕਵਿਤਾ ਬਾਰੇ ਫੇਸਬੁੱਕ ਉੱਤੇ ਪੋਸਟ ਕੀਤਾ ਸੀ। ਇਹ ਇਸ ਫੀਚਰ ਦੀ ਸੱਤਵੀਂ ਲੜੀ ਹੈ। ਇਸ ਫੀਚਰ ਲਈ ਫੇਸਬੁੱਕ ਉੱਤੇ ਪਹਿਲਾਂ ਪੋਸਟ ਹੋ ਚੁੱਕੀਆਂ ਮੇਰੀਆਂ 5 ਕਵਿਤਾਵਾਂ ਦੀ ਚੋਣ ਵੀ ਸੁਭਾਸ਼ ਘਈ ਨੇ ਆਪ ਹੀ ਕੀਤੀ ਹੈ। ਇਸ ਫੀਚਰ



ਦਾ ਮੁੱਖ ਉਦੇਸ਼ ਅਜੋਕੇ ਪਾਠਕਾਂ ਨੂੰ ਆਪਣੇ ਵਿਰਸੇ ਨਾਲ ਜੋੜਨਾ ਅਤੇ ਉਨ੍ਹਾਂ ਦੀ ਜਾਣਕਾਰੀ ਵਿੱਚ ਵਾਧਾ ਕਰਨਾ ਹੈ।

## ਅੰਤਿਕਾ ਤੇ ਪੁਸਤਕ ਦਰਸ਼ਨ

"ਅੰਤਿਕਾ" ਤੇ "ਪੁਸਤਕ ਦਰਸ਼ਨ" ਮੇਰੀਆਂ ਪੁਸਤਕਾਂ ਦੇ ਸਥਾਈ ਫੀਚਰ ਹਨ। ਇਨ੍ਹਾਂ ਨੂੰ ਨਵੀਂ ਜਾਣਕਾਰੀ ਨਾਲ ਅੱਪਡੇਟ ਕਰ ਕੇ ਇਸ ਪੁਸਤਕ ਵਿੱਚ ਸ਼ਾਮਲ ਕੀਤਾ ਗਿਆ ਹੈ।

ਉਮੀਦ ਹੈ ਕਿ ਕਾਵਿ-ਪਾਠਕਾਂ ਨੂੰ ਮੇਰਾ ਇਹ ਕਾਵਿ-ਸੰਗ੍ਰਹਿ ਪਸੰਦ ਆਵੇਗਾ।

**ਰਵਿੰਦਰ ਰਵੀ**

# ਫੇਸਬੁੱਕ ਕਵਿਤਾ



## ਫੇਸਬੁੱਕ ਕਲਚਰ

ਸੋਸ਼ਲ ਮੀਡੀਆ ਨੇ
ਸਾਡੀ ਬੋਲੀ 'ਚ ਸੰਜਮ,
ਪ੍ਰਗਟਾਅ 'ਚ ਅਨੁਸ਼ਾਸਨ,
ਸ਼ਬਦਾਂ 'ਚ ਆਕਾਸ਼,
ਕਲਪਨਾ 'ਚ ਖੰਭ, ਪਰਬਤ, ਆਬਸ਼ਾਰ
ਤੇ ਅਰਥਾਂ 'ਚ ਸਾਗਰ ਦੀ ਗਹਿਰਾਈ ਭਰ ਦਿੱਤੀ ਹੈ !!!

ਫੇਸਬੁੱਕ ਦੇ ਵੇਖੋ ਅਵੇਖੇ
ਮਿੱਤਰਾਂ ਤਕ ਪਹੁੰਚਣ ਲਈ,
ਫੇਸਬੁੱਕ ਦੀ ਕਲਚਰ ਨੇ,
ਜ਼ਿੰਦਗੀ ਕੀ ਦੀ ਕੀ ਕਰ ਦਿੱਤੀ ਹੈ !!!

## ਰੁਸ਼ਨਾਈ

ਵਾਣੀ ਦੇ ਵਣ ’ਚੋਂ ਭੱਜ ਚੱਲੀਏ,
ਮੌਨਾਂ ਦੀ ਸ਼ਰਨਾਈ।
ਅੰਦਰ ਵਲ ਨੂੰ ਮੋੜੀਏ ਨਜ਼ਰਾਂ,
ਅੰਦਰ ਹੀ ਰੁਸ਼ਨਾਈ।

ਇਹ ਰੁਸ਼ਨਾਈ ਪੁਸਤਕ ਵਰਗੀ,
ਅੱਖਰ, ਅੱਖਰ ਅਪਣਾ।
ਆਪੇ ਦੀ ਸਿੱਧ ਪੁੱਠ ਨੂੰ ਤੱਕਣਾ,
ਆਪਣਾ ਆਪਾ ਜਪਣਾ !!!



## ਸਿਰਜਣਾ

ਸ਼ੋਰ ਦੀ ਭਾਸ਼ਾ ਵਿੱਚੋਂ ਲੰਘੇ,
ਚੁੱਪ ਦੀ ਭਾਸ਼ਾ ਸਹਿ ਗਏ।
ਆਪਣੇ ਜੇਡੀ ਕਥਦੇ ਕਥਦੇ,
ਬ੍ਰਹਮੰਡ ਜੇਡੀ ਕਹਿ ਗਏ !!!

## ਸੂਰਜ ਤੇ ਸ਼ਬਦ

ਆਪਣੀ ਹਸਤੀ ਨੂਰ ਬਣਾ ਕੇ,
ਸੂਰਜ ਨੂੰ ਚਿਪਕਾ ਦਿੱਤੀ ਹੈ।
ਸ਼ਬਦਾਂ ਦੀ ਰਚਨਾ ਦੇ ਦੁਆਲੇ,
ਧਰਤੀ ਘੁੰਮਣ ਲਾ ਦਿੱਤੀ ਹੈ।



## ਪੱਤਰ ਤੇ ਦਰਿਆ

ਪੱਤਾ, ਪੱਤਾ ਬਿਰਖ
ਪਾਣੀਏਂ ਕਿਰੇ ਪਿਆ।
ਹਰ ਪੱਤਰ ਦਾ
ਆਪੋ ਆਪਣਾ ਹੈ ਦਰਿਆ !!!

## ਚਿੰਤਨ

ਜਿੰਨੀ ਸਮਝ, ਓਨਾ ਹੀ ਚਾਨਣ,
ਬਾਕੀ ਸਭ ਅਨ੍ਹੇਰਾ !
ਏਥੋਂ ਚੜ੍ਹ, ਏਥੇ ਹੀ ਡੁੱਬਦਾ,
ਸੂਰਜ ਤੇਰਾ ਮੇਰਾ !!!



## ਕਿੱਥੇ ਤੁਰ ਗਿਓਂ ਬੁੱਲ੍ਹਿਆ ?

ਆਪਣੀਆਂ ਨਜ਼ਰਾਂ ਦੇ ਵਿੱਚੋਂ,
ਸਾਰਾ ਬ੍ਰਹਮੰਡ ਡੁੱਲ੍ਹਿਆ।
ਸ਼ੀਸ਼ੇ ਉੱਤੇ ਦਸਤਕ ਦਿੱਤੀ,
ਮਨ ਦਾ ਬੂਹਾ ਖੁੱਲ੍ਹਿਆ।
ਮਨ ਹੀ ਕਰਤਾ, ਮਨ ਕਰਤਾਰੀ,
ਮਨ ਹੀ ਸ਼ਬਦ, ਅਰਥ ਵਿੱਚ ਫੁੱਲਿਆ।
ਆਪਣੀ ਮਹਿਕ ਹੀ ਚਾਰ ਚੁਫੇਰੇ,
ਕਿੱਥੇ ਤੁਰ ਗਿਓਂ ਬੁੱਲ੍ਹਿਆ ?

## ਉਡੀਕ

ਸਵੇਰ ਤੋਂ ਕੋਈ ਨਹੀਂ ਆਇਆ !

ਪੰਛੀ ਆਇਆ ਸੀ-

ਟਹਿਣਾਂ ਵਿਚ ਖਲਬਲੀ,
ਫੁੱਲਾਂ ਵਿਚ ਹਲਚਲ,
ਮਹਿਕ,
ਸਾਹਾਂ ਵਿਚ,
ਹਵਾ ਵਿਚ-

ਜ਼ਿੰਦਗੀ,
ਹੁਣੇ, ਹੁਣੇ ਆਈ ਸੀ,
ਹੁਣੇ, ਹੁਣੇ ਗਈ ਹੈ !!!

ਨਜ਼ਰ ...
ਅਜੇ ਵੀ,
ਖੁੱਲ੍ਹੇ ਦਰਾਂ ਦੇ ਵਲ ਵੇਖਦੀ।

ਸਵੇਰ ਤੋਂ ਕੋਈ ਨਹੀਂ ਆਇਆ !!!



## ਛੂਹ ਦੀ ਭਾਸ਼ਾ

ਤੇਰਾ ਛੂਹਣਾ ਹੀ, ਮੇਰੇ ਲਈ,
ਤੇਰੇ ਬੋਲ ਹਨ !
ਬਾਕੀ ਤਾਂ ਬੇਅਰਥ ਜੀਵਨ ਹੈ,
ਸ਼ਬਦ ਹਨ, ਸ਼ੋਰ ਹੈ !!!

ਤੂੰ ਖਾਮੋਸ਼ ਰਹਿਕੇ ਹੀ,
ਮੇਰੀਆਂ ਅੱਖਾਂ ਵਿੱਚ ਵੇਖਿਆ ਕਰ,
ਛੂਹਿਆ ਕਰ !
ਮੁਹੱਬਤ,
ਸ਼ਬਦਾਂ ਦੀ ਮੁਹਤਾਜ ਨਹੀਂ ਹੁੰਦੀ !!!

## ਫੇਸਬੁੱਕ ਜੋਗੀ

ਫੇਸਬੁੱਕ ਦਾ ਇਸ਼ਕ ਅਨੋਖਾ,
ਬੁੱਢੜਾ ਵੀ ਰਾਂਝਾ ਬਣ ਜਾਵੇ।
ਸੁੰਦਰਤਾ ਜਦ ਸਿਰ ਚੜ੍ਹ ਬੋਲੇ,
ਧੀ ਵਰਗੀ, ਮਹਿਬੂਬ ਬਣਾਵੇ।
ਟਿਪਣੀ ਵਿੱਚ 'ਭੈਣ ਜੀ' ਆਖੇ,
ਕਲਪਨਾ ਦੇ ਵਿੱਚ ਸੇਜ ਹੰਢਾਵੇ।

ਬਹੁ-ਅਰਥੇ ਸ਼ਬਦਾਂ ਦੀ ਵਰਤੋਂ,
ਫੁੱਲ ਵਿੱਚ ਗੰਦੀ ਨਜ਼ਰ ਛੁਪਾਵੇ।
ਇਸ ਜੋਗੀ ਦਾ ਕੈਸਾ ਜੋਗ ?
ਤਸਵੀਰਾਂ ਨਾਲ ਨੇਤਰ-ਭੋਗ !!!



## ਨਵਾਂ ਜਨਮ

ਫੇਸਬੁੱਕ ਦੀਆਂ ਸੁੰਦਰ ਨਾਰਾਂ,
ਤਸਵੀਰਾਂ ਵਿੱਚ ਜਿਵੇਂ ਬਹਾਰਾਂ !
ਮਹਿਕ, ਸੁੰਦਰਤਾ ਚਾਰ ਚੁਫੇਰੇ,
ਖੜਕਦੀਆਂ ਹਰ ਦਿਲ ਵਿੱਚ ਤਾਰਾਂ।

ਗੁਲਸ਼ਨ ਹੁਸਨ ਦੇ ਚਾਰ ਚੁਫੇਰੇ,
ਛਿਣ, ਛਿਣ ਹੁਸਨ, ਇਸ਼ਕ ਦੀਆਂ ਮਾਰਾਂ।

ਜੀ ਕਰਦਾ ਕਿ ...
ਹੰਢੀ ਦੇਹ ਲਾਹ, ਜਿਸਮ ਨਵੇਂ ਵਿੱਚ,
ਜਨਮ ਨਵਾਂ ਮੈਂ ਅੱਜ ਕੋਈ ਧਾਰਾਂ !!!

## ਤੁਰਦੀ ਫਿਰਦੀ ਪੇਂਟਿੰਗ

ਨੰਗਾ ਪੈਦਾ ਹੋਇਆ ਇਨਸਾਨ,
ਬਾਲਗ਼ ਹੋ ਗਿਆ ਹੈ !
ਪਾਰਦਰਸ਼ੀ ਵੇਸ ਹੇਠ
ਜੁ ਕੱਜਣਾ ਸੀ,
ਉਸ ਉੱਤੇ,
ਵੱਖਰੇ ਰੰਗ ਦਾ ਪੇਂਟ ਕਰ ਦਿੱਤਾ ਗਿਆ ਹੈ।
ਬਾਕੀ ਦਾ ਬਦਨ, ਬਾਦਾਮੀ ਜਾਂ ਨੰਗਾ ਹੈ।
ਅਪਰਿਭਾਸ਼ਤ ਗੋਦਨਿਆਂ ਦਾ,
ਬੇਹੰਗਮ ਪ੍ਰਦਰਸ਼ਨ ਵੀ ਹੈ-
ਨੱਕ, ਜੀਭ, ਕੰਨ ਤੇ ਗੁਪਤ-ਅੰਗ
ਵਾਲੀਆਂ ਵਿੱਚ ਪਰੁੱਤੇ ਹਨ।
ਫੈਸ਼ਨ ਜਾਗ ਰਹੇ,
ਲੋਕ ਸੁੱਤੇ ਹਨ !!!



## ਪਲਕ ਹੇਠ ਸੂਰਜ

ਬੂਟੇ ਨੇ ਹਵਾ ਵਿਚ
ਫੁੱਲ ਲਿਖ ਦਿੱਤਾ।
ਫੁੱਲ ਨੇ ਹਵਾ ਨੂੰ
ਮਹਿਕ ਕਰ ਦਿੱਤਾ।

ਨਜ਼ਰ ਕਦੇ
ਦਿਨ ਵੇਖਦੀ ਹੈ
ਕਦੇ ਰਾਤ !

ਹਰ ਪਲਕ ਹੇਠ
ਆਪੋ ਆਪਣਾ ਸੂਰਜ !

## ਦੁਭਾਸ਼ੀਆ

ਫੁੱਲ ਨੂੰ
ਅੱਖਾਂ ਪੜ੍ਹਦੀਆਂ ਹਨ
ਮਹਿਕ ਨੂੰ ਨੱਕ
ਸੰਗੀਤ ਨੂੰ ਕੰਨ
ਜੀਭ ਸੁਆਦ ਨੂੰ
ਤੇ ਕਾਮ ਨੂੰ ਸਪਰਸ਼ !

ਭਾਸ਼ਾ ਤਾਂ
ਦੁਭਾਸ਼ੀਏ ਵਾਂਗ ਹੈ
ਮਨੁੱਖ ਤੇ ਅਨੁਭਵ ਵਿਚਕਾਰ—
ਹਰ ਦੇਸ਼, ਹਰ ਬੋਲੀ ਵਿਚ—
ਭਾਵਾਂ, ਅਰਥਾਂ ਦਾ
ਸੰਚਾਰ ਕਰਦੀ !



## ਸੁਕੜ ਰਿਹਾ ਆਸਮਾਨ

ਪੰਛੀ ਆਇਆ ਸੀ,
ਉੱਡ ਗਿਆ ਹੈ !!!
ਟੁੱਟਾ ਖੰਭ ਅਜੇ ਵੀ
ਨਜ਼ਰ ਨੂੰ ਚਿਪਕਿਆ ਹੈ !
ਖੰਭ ਤੋਂ ਪਰਾਂਹ
ਨਜ਼ਰ ਕੁਝ ਵੇਖ ਨਹੀਂ ਸਕਦੀ !
ਮੁਰਦਾ ਖੰਭ ’ਚੋਂ
ਆਸਮਾਨ ਨਜ਼ਰ ਨਹੀਂ ਆਉਂਦੇ,
ਨਾ ਸੱਤ ਰੰਗੀਆਂ, ਨਾ ਉਡਾਰੀ !
ਸੁਫਨਿਆਂ ਦੇ ਖੰਭ ਡਿਗ ਰਹੇ,
ਮੇਰਾ ਆਸਮਾਨ ਸੁਕੜ ਰਿਹਾ ਹੈ।

## ਐਨਕਾਂ ਨਾਲੋਂ ਟੁੱਟੀ ਨਜ਼ਰ

ਬ੍ਰਹਮ ਬੇਅਰਥ ਹੋ ਗਿਆ ਹੈ
ਤੇ ਉਸਦਾ ਬ੍ਰਹਮੰਡ
ਅੱਖਾਂ 'ਚ ਸੁਕੜ ਰਿਹਾ ਹੈ !
ਨਾ ਬਹੁਤਾ ਦੂਰ ਨਜ਼ਰ ਆਉਂਦਾ ਹੈ, ਹੁਣ
ਨਾ ਬਹੁਤਾ ਨੇੜੇ—
ਐਨਕਾਂ ਨਾਲੋਂ ਟੁੱਟੀ ਨਜ਼ਰ,
ਅੰਦਰ ਵਲਾਂ ਵੇਖਦੀ ਹੈ :
ਏਥੋਂ ਹੀ ਸ਼ੁਰੂ ਹੋਇਆ ਸੀ
ਸਭ ਕੁਝ, ਕਦੇ—
ਏਥੇ ਹੀ ਸਿਮਟ ਰਿਹਾ ਹੈ !
ਸੂਰਜ,
ਨਿੱਕੇ, ਨਿੱਕੇ ਤਾਰਿਆਂ
ਵਿਚ ਟੁੱਟ ਗਿਆ ਹੈ।
ਅਨ੍ਹੇਰਾ ਫੈਲ ਰਿਹਾ,
ਸਮਾਂ ਰੁਕ ਗਿਆ ਹੈ।



## ਕਾਗ਼ਜ਼ ਦੀ ਬੇੜੀ

ਕਾਗ਼ਜ਼ ਦੀ ਬੇੜੀ ਬਣਾ ਕੇ
ਉਸਨੂੰ ਬਾਦਬਾਨ ਲਗਾ ਦਿੱਤੇ ਹਨ।
ਜਿੱਥੇ, ਜਿੱਥੇ,
ਜਿਸ, ਜਿਸ ਨੇ ਜਾਣਾ ਸੀ,
ਸਭ ਪੁਚਾ ਦਿੱਤੇ ਹਨ।
ਬੇੜੀਆਂ ਦੀ ਮੰਜ਼ਲ
ਨਗਰ ਤੇ ਗਿਰਾਂ ਨਹੀਂ,
ਮੁਸਾਫ਼ਰ ਹੀ ਹੁੰਦੇ ਹਨ ...
ਮੁਸਾਫ਼ਰ
ਦਰ
ਮੁਸਾਫ਼ਰ ...

## ਮੁਹੱਬਤ-ਮੁਖੀ

ਖ਼ਿਤਿਜ 'ਤੇ ਫੁੱਲ ਹੀ ਫੁੱਲ ਹਨ
ਪੱਤੀਆਂ 'ਤੇ ਤ੍ਰੇਲ ਦੇ ਕਤਰੇ
ਇਨ੍ਹਾਂ ਦੇ ਨਾਲ ਹੀ
ਪ੍ਰਕਾਸ਼ ਹੈ, ਸਹਿਵਾਸ ਵਿਚ
ਸੂਰਜ ਦੀ ਹਲਕੀ ਰੌਸ਼ਨੀ
ਧੁੰਦ ਛਟ ਰਹੀ
ਮੁਹੱਬਤ ਤੋਂ ਮੁਹੱਬਤ ਤਕ ਜਾਂਦੀ ਹੈ ਨਜ਼ਰ
ਰੌਸ਼ਨੀ ਤੋਂ ਰੌਸ਼ਨੀ ਤਕ ਸਫ਼ਰ ਵਾਂਗ
ਇੱਕੋ ਰਾਗਨੀ 'ਚ ਬੱਝੇ ਜਾਪਦੇ
ਪੰਖੀ, ਪੰਖ ਤੇ ਆਕਾਸ਼ ...
...
...
ਇਹ ਉਹ ਛਿਣ ਹਨ
ਜਿਨ੍ਹਾਂ 'ਚ ਸਮਾਂ
ਨਾ ਤੁਰੇ, ਨਾ ਰੁਕੇ ...
ਬੱਸ ਫੈਲ ਜਾਂਦਾ ਹੈ !!!



## ਸ਼ਬਦ ਦੀ ਵਾਪਸੀ

ਸ਼ਬਦੋਂ ਪਾਰ ਜਾ ਕੇ
ਸ਼ਬਦ ਵਿਚ
ਪਰਤ ਆਇਆ ਹਾਂ !
"ਮੌਤ" ਵੀ ਇਕ "ਸ਼ਬਦ" ਹੈ,
"ਜ਼ਿੰਦਗੀ" ਦੇ
ਸਮਾਨੰਤਰ ਚੱਲਦਾ !
ਦਰਿਆ ਜਦੋਂ
ਰੁਖ ਪਲਟ ਲੈਣ,
ਤਾਂ ਪੂਰਵਲੇ ਕੰਢਿਆਂ ਵਿਚ,
ਕੇਵਲ ਰੇਤ ਬਚਦੀ ਹੈ !
ਪਾਣੀ ਤੇ ਰੇਤ ਦਾ
ਇਕ ਦੂਜੇ ਵਿਚ
ਭਿੱਜ ਕੇ ਚੱਲਣਾ ਹੀ ਜ਼ਿੰਦਗੀ ਹੈ—
... ਤੇ ਜਿੱਥੋਂ
ਇਹ ਨਿੱਖੜਦੇ ਹਨ,
ਉੱਥੋਂ ਮੌਤ ਸ਼ੁਰੂ ਹੁੰਦੀ ਹੈ !

# ਬੇ-ਘਰੇ

1.
ਬੇ-ਘਰੇ ਸਰਕਾਰੀ ਭੱਤੇ 'ਤੇ ਪਲਦੇ ਹਨ।
ਬਹੁਤਾ ਸਫ਼ਰ ਕਰਦੇ, ਘੱਟ ਚੱਲਦੇ ਹਨ।
ਭੰਗ ਦੀਆਂ ਸਿਗਰਟਾਂ, ਨਸ਼ੀਲੇ ਟੀਕੇ ...
ਜੀਵਨ ਦੇ ਮੰਚ ਉੱਤੇ, ਹਰ ਸਮੇਂ,
ਮੌਤ ਦਾ ਗੀਤ ਗਾਉਂਦੇ ਹਨ !!!

2.
ਪਾਰਕ ਵਿੱਚ ਤੰਬੂਆਂ ਦਾ ਸ਼ਹਿਰ ਵਸਾਇਆ ਹੈ,
ਚਾਰ ਚੁਫੇਰੇ,
ਇਨ੍ਹਾਂ ਦੀ ਆਪਣੀ ਗੰਦਗੀ ਦਾ ਹੀ ਸਾਇਆ ਹੈ।
ਇਕ ਦੂਜੇ ਤੋਂ, ਸਭ ਤੋਂ ਬੇਗਾਨੇ ਹੋ ਗਏ,
ਆਪਣੀ ਤੋਰ 'ਚ ਹੀ ਜਿਵੇਂ,
ਆਪੇ ਖੜੋ ਗਏ !!!

3.
ਇਨ੍ਹਾਂ ਦਾ ਦਿਨ ਨਸ਼ੇ ਨਾਲ ਚੜ੍ਹਦਾ ਹੈ,
ਛਿਣ ਦੀ ਛਿਣ
ਤੇ ਫੇਰ ਲੰਮੀਂ ਰਾਤ ਹੁੰਦੀ ਹੈ।
ਰਿਸ਼ਤਿਆਂ ਤੋਂ ਆਜ਼ਾਦ ਪੰਛੀ ਦੀ,
ਆਪਣੀ ਉਡਾਣ, ਆਪਣੀ ਹੀ ਬਾਤ ਹੁੰਦੀ ਹੈ !!!



# ਅੱਜ ਦੀ ਰਾਮਾਇਣ ਦੇ ਕਿਰਦਾਰ

ਸ਼ਾਦੀ ਤੋਂ ਪਹਿਲਾਂ ਸੰਭੋਗ,
ਵਿਆਹ ਤੋਂ ਬਾਅਦ ਬਣਵਾਸ !!!

ਅੱਜ ਦੇ ਰਾਵਣ,
ਲਕਸ਼ਮਣ ਤੇ ਸਰੂਪਨਖਾ,
ਸਿਰਫ ਕਿਰਦਾਰ ਹਨ-
ਰਾਮ ਤੇ ਸੀਤਾ ਦੀ,
ਰਾਮਾਇਣ ਨਹੀਂ ਲਿਖ ਸਕਦੇ !!!

## ਬਿਖਰੇ ਹੋਏ ਮਾਨਵ

ਕਚਹਿਰੀ : ਰੰਗ-ਤਮਾਸ਼ਾ,
ਵਕੀਲ ਤੇ ਮੁਨਸਫ : ਅਭਿਨੇਤਾ !
ਖਪਤ-ਕਲਚਰ ਵਿੱਚ,
ਇਨਸਾਫ ਵੀ ਵਿਕਾਊ !!!

ਨੇਤਾ : ਕੰਜਰੀ-ਹਾਸਾ,
ਸਾਧਾਂ ਵਾਂਗੂੰ,
ਸਭ ਨੂੰ ਪੁੱਤਰ ਵੰਡਣ !!!

ਮਰਦ : ਖੱਸੀ,
ਔਰਤ : ਬਾਂਝ,
ਜਨਤਾ,
ਇਨਕਲਾਬ ਪੈਦਾ ਕਰਨ ਦੇ ਕਾਬਿਲ ਨਹੀਂ !!!
ਇਹ ਜੀਵਨ ਦਾ ਸੱਚ, ਕਿ
ਬਾਲੀਵੁੱਡ ਦੀ ਕੋਈ ਫਿਲਮ ਚੱਲ ਰਹੀ ???

ਜੀਵਨ ਦੇ ਸੱਚ ਵਿੱਚ,
ਮਾਨਵ ਬਿਖਰ ਗਿਆ ਹੈ !!!



## ਉਦਾਸੀ

ਸੁਗੰਧ ਹੁੰਦਿਆਂ ਵੀ, ਅਹਿਸਾਸ ਨਹੀਂ !
ਰੰਗ ਹੁੰਦਿਆਂ ਵੀ, ਰੰਗ ਨਜ਼ਰ ਨਹੀਂ ਆਉਂਦੇ !

ਟਹਿਣੀ ਅਤੇ ਪੰਛੀ, ਇਕ ਦੂਜੇ ਤੋਂ,
ਟੁੱਟ ਗਏ ਹਨ-

ਚੇਤਨਾ 'ਚ ਅਰਥਾਂ ਦਾ ਸ਼ੋਰ ਹੈ,
ਫਿਰ ਵੀ ਕਾਗ਼ਜ਼ ਕੋਰਾ ਕਿਉਂ ???
ਅੰਦਰ ਦਾ ਸੰਗੀਤ, ਅੰਦਰ ਹੀ ਦਫ਼ਨ,
ਉਦਾਸੀ ਬੜੀ ਹੈ !!!

## ਨਿਸ਼ਬਦ ਆਨੰਦ

ਤਨ ਮਨ ਅਭੇਦ ਹੋ ਗਏ-
ਦੋ ਜਣੇ,
ਇਕ ਦੂਜੇ ਵਲ ਵੇਖਦੇ ਵੇਖਦੇ,
ਇਕ ਹੋ ਗਏ !

ਹੁਣ,
ਪਤਾ ਨਹੀਂ ਚੱਲ ਰਿਹਾ,
ਕਿੱਥੋਂ ਫੁੱਲ ਸ਼ੁਰੂ ਹੁੰਦਾ ਹੈ ?
ਕਿੱਥੋਂ ਮਹਿਕ ?

ਪਿਆਰ :
ਇਕ ਨਿਸ਼ਬਦ ਆਨੰਦ !!!



## ਨਵੇਂ ਖੁਦਾ

ਪਤਨੀ ਜਾਂ ਪ੍ਰੇਮਿਕਾ ਦੀ
ਅੰਗ-ਛੁਹ ਲਈ,
ਮਰਦ ਸਾਰਾ ਦਿਨ ਮੁਸ਼ੱਕਤ
ਕਰ ਸਕਦਾ ਹੈ,
ਅੱਖਾਂ ਵਿੱਚ ਰੋਮਾਂਟਕ ਸ਼ਾਮ ਦੇ,
ਸੁਫਨੇ ਸਜਾ ਕੇ।

ਅੰਗ-ਛੁਹ ਦੀ ਗਹਿਰਾਈ ਤੋਂ ਹੀ,
ਕਦੇ ਜੀਵਨ ਆਰੰਭ ਹੋਇਆ ਸੀ-
ਆਦਮ ਤੇ ਹੱਵਾ, ਖੁਦਾ ਤੋਂ ਬਾਗ਼ੀ ਹੋ,
ਨਵੇਂ ਖੁਦਾ ਬਣ ਗਏ ਸਨ !!!

## ਉਬਾਸੀ ਤੇ ਉਦਾਸੀ

ਆਪਣੇ ਆਪ ਨੂੰ ਪੜ੍ਹਦੇ, ਪੜ੍ਹਦੇ,
ਅਸੀਂ ਉਬਾਸੀ ਤੇ ਉਦਾਸੀ ਦੇ,
ਰਿਸ਼ਤੇ ਵਿੱਚ ਉਲਝ ਗਏ।

ਨਾ ਖਿੜਕੀ ਬਣੇ, ਨਾ ਦੀਵਾਰ,
ਸਾਡੇ ਸਭ ਪ੍ਰਤੀਕ,
ਸਾਡੇ ਹੀ ਸ਼ੀਸ਼ੇ ਵਿੱਚ,
ਟੁੱਟ, ਤਿੜਕ ਗਏ।

ਨੀਂਦ ਵੀ ਨਹੀਂ ਆਉਂਦੀ,
ਸੁਫਨੇ ਕਿੱਧਰ ਗਏ ???



## ਮਨੁੱਖਹੀਣਤਾ ਵਲ ਵਧਦੇ ਕਦਮ

ਪਹਿਲਾਂ ਭੂਕੰਪ ਤੇ ਫੇਰ ਸੁਨਾਮੀਂ,
ਆਪਣੇ ਅੰਦਰ,
ਕਿੰਨਾਂ ਕੁਝ ਵਾਪਰ ਜਾਂਦਾ ਹੈ—
ਸੂਰਜ ਫੇਰ ਵੀ ਸੂਰਜ ਰਹਿੰਦਾ ਹੈ
ਤੇ ਧਰਤੀ, ਧਰਤੀ।

ਆਪਣੇ ਆਪ ਤੋਂ ਟੁੱਟਿਆ,
ਮਨੁੱਖ, ਪਰ
ਮਨੁੱਖ ਨਹੀਂ ਰਹਿੰਦਾ !!!

## ਤ੍ਰੇੜਾਂ

ਵਿੰਗੇ ਟੇਢੇ ਰਾਹਾਂ 'ਤੇ
ਤੁਰਦਿਆਂ, ਸਾਰੀ ਉਮਰ–
ਆਪਣੇ ਪਿੱਛੇ, ਪਿੱਛੇ
ਮੈਂ ਤੇਰੀ ਪੈਰ-ਚਾਪ
ਸੁਣਦਾ ਰਿਹਾ ਹਾਂ, ਵੇਖਦਾ
ਖਿਤਿਜ 'ਤੇ ਤੇਰਾ ਚਿਹਰਾ !

ਧਰਤੀ, ਆਸਮਾਨ ਦੇ
ਮੇਲ ਦੀ ਉਡੀਕ ਵਿੱਚ–
ਤੂੰ ਹੀ ਟੁੱਟ ਗਈ ਹੈਂ ?

ਜਾਂ ਫਿਰ–

ਮੇਰੀ ਨਜ਼ਰ ਵਿੱਚ ਤ੍ਰੇੜਾਂ ਹਨ ???



## ਸਾਗਰ ਦੀ ਰੁੱਤ

ਗਿੱਟੇ ਗਿੱਟੇ ਪਾਣੀ ਵਿੱਚ ਵੀ
ਗਹਿਰਾਈ ਹੈ !
ਅੱਜ ਮੇਰੀ ਸੋਚ ਵਿੱਚ,
ਸਾਗਰ ਦੀ ਰੁੱਤ ਆਈ ਹੈ !

## ਤਿੜਕੇ ਹੋਏ ਸ਼ੀਸ਼ੇ

ਨਾ ਪਿੰਡ ਹੀ ਬਣੇ ਨਾ ਬ੍ਰਹਮੰਡ !
ਸਵੈ ਤੇ ਪਰ ਵਿੱਚ ਵੰਡੇ,
ਸ਼ੀਸ਼ੇ ਤਿੜਕ ਗਏ !!!



## ਨਿਰ-ਅਰਥ ਜੀਵਨ

ਅਰਥਾਂ ਲਈ ਸ਼ਬਦ ਛੋਟੇ ਸਨ,
ਸ਼ਬਦਾਂ ਲਈ ਮੈਂ !
ਨਾ ਸ਼ਬਦ ਲੱਭੇ, ਨਾ ਬਣੇ,
ਨਿਰ-ਅਰਥ ਬੀਤ ਰਹੀ ਹੈ !!!

## ਲਗਾਤਾਰ ਆਤਮ-ਹੱਤਿਆ

ਰੁੱਖ ਵਾਂਗ ਹੀ,
ਮਨੁੱਖ ਦੇ ਵੀ ਅਨੇਕ ਮੌਸਮ ਹੁੰਦੇ ਹਨ।
ਬੀ ਤੋਂ ਜੰਮਣਾ, ਵਿਗਸਣਾ-
ਰੰਗਦਾਰ ਪੱਤਿਆਂ ਵਿਚਕਾਰ,
ਫੁੱਲਣਾ, ਫਲਣਾ
ਤੇ ਫਿਰ,
ਪੱਤਝੜ-
ਪੱਤਿਆਂ ਦਾ ਲਾਲ, ਪੀਲਾ ਹੋ ਝੜਨਾ
ਤੇ ਰੁੱਖ ਦਾ ਰੁੰਡ ਮੁੰਡ ਹੋ ਜਾਣਾ।

ਸੋਚ ਕਈ ਵਾਰ,
ਰੁੱਖ ਦੇ ਕੇਵਲ ਏਸ ਬਿੰਬ ਵਿੱਚ ਹੀ,
ਰੁਕ ਜਾਂਦੀ ਹੈ,
ਆਤਮ-ਹੱਤਿਆ ਵਾਂਗ !

ਆਉਣ ਵਾਲੇ ਮੌਸਮਾਂ ਦੇ
ਨਿਰੰਤਰ ਚੱਕਰ ਨੂੰ ਨਹੀਂ ਵੇਖਦੀ-
ਟੁੱਟ ਜਾਂਦੀ ਹੈ ਆਪਣੇ ਆਪ ਤੋਂ,
ਸਭ ਤੋਂ !!!
ਮਨੁੱਖ,
ਆਤਮ-ਹੱਤਿਆ ਜਿਊਂਦਾ ਹੈ ਲਗਾਤਾਰ !!!



## ਇਕਲਾਪੇ ਦਾ ਸਫਰ

ਇਕਲਾਪੇ ਵਿੱਚ
ਸਫਰ ਕਰਦਿਆਂ,
ਜਦ ਤੂੰ,
ਬਹੁਤ ਯਾਦ ਆਉਂਦੀ ਹੈਂ, ਤਾਂ
ਇਕ ਤਾਰਾ
ਹੋਰ ਟੁੱਟ ਜਾਂਦਾ ਹੈ।

ਪਲਕ ਝਪਕ ਦੇ
ਲਿਸ਼ਕਾਰੇ ਤੋਂ ਬਾਅਦ-
ਅਨ੍ਹੇਰਾ ਹੋਰ ਸੰਘਣਾ ਹੋ ਜਾਂਦਾ,
ਹਰ ਕਦਮ ਰੁਕ ਜਾਂਦਾ ਹੈ !!!

## ਅੱਜ ਦੀ ਨਾਰੀ

ਖਿੜਕੀਆਂ ਖੁੱਲ੍ਹੀਆਂ,
ਦਰਵਾਜ਼ੇ ਚੌਪਟ,
ਕੰਧਾਂ [1]ਪਾਰਦਰਸ਼ੀ !!!

ਕੱਜਣ ਤੇ ਨਗਨ ਵਿੱਚ ਉਲਝੀ,
ਅੱਜ ਦੀ ਨਾਰੀ ਕਿੱਧਰ ਜਾ ਰਹੀ ਹੈ ???

1. ਪਾਰਦਰਸ਼ੀ : See-through



## ਬ੍ਰਹਮ-ਗਿਆਨੀ

ਸ਼ਬਦ-ਸ਼ੋਰ ਵਿੱਚ ਘਿਰ ਗਈ ਜਾਪੇ,
ਬੇਬਸ, ਮਾਨਵ-ਬਾਣੀ !
ਚੁੱਪ ਦੀ ਭਾਸ਼ਾ ਸਮਝੇ, ਸਿਰਜੇ
ਕੋਈ ਕੋਈ ਬ੍ਰਹਮ-ਗਿਆਨੀ !!!

## ਇਕਲਾਪਾ

ਟੱਬਰ ਦੇ ਵਿੱਚ ਕੱਲੇ ਬੈਠੇ,
ਆਪਣੇ ਅੰਦਰ ਵੀ ਸੰਨਾਟਾ।
ਭੀੜ ਦੇ ਵਣ ਵਿੱਚ ਘਿਰਿਆ ਮਾਨਵ,
ਭੋਗ ਰਿਹਾ ਇਕਲਾਪਾ !!!



## ਚਿਹਰਿਆਂ ਦਾ ਚੱਕ੍ਰਵਯੂਹ

ਔਰਤ ਇਕ ਹੀ ਹੁੰਦੀ ਹੈ,
ਚਿਹਰੇ ਅਨੇਕ !!!

ਮੈਂ ਚਿਹਰਿਆਂ ਦੇ
ਚੱਕ੍ਰਵਯੂਹ ਵਿੱਚ
ਘਿਰ ਗਿਆ ਹਾਂ-
ਮੇਰੀ ਮਹਿਬੂਬ ਕਿੱਥੇ ਹੈ ???

## ਟਰੈਫਿਕ ਲਾਈਟਾਂ ਤੇ ਮੈਂ

ਮੇਰੀ ਜ਼ਿੰਦਗੀ ਵਿੱਚ,
ਹਿੰਦੋਸਤਾਨ ਦੋ ਵਾਰ ਮਰਿਆ ਹੈ :
ਪਹਿਲਾਂ ਪਿਓ ਦੀ ਮੌਤ ਨਾਲ
ਤੇ ਫੇਰ ਮਾਂ ਦੀ ਮੌਤ ਨਾਲ।

ਮਿੱਤਰ, ਭੈਣ, ਭਾਈ ਵੀ,
ਏਥੋਂ ਉੱਜੜ ਕੇ,
ਹੋਰ ਦੇਸ਼ਾਂ, ਹੋਰ ਸ਼ਹਿਰਾਂ ਵਿੱਚ ਜਾ ਵੱਸੇ ਹਨ ...
ਤੇ ਕੁਝ ਸਮੇਂ ਤੋਂ ਪਹਿਲਾਂ ਹੀ ਬੀਤ ਗਏ !!!

ਏਥੇ ਵੀ ਆਲੇ ਦੁਆਲੇ ਸੰਘਣਾਂ ਵਣ ਹੈ,
ਪਰ ਇਕ ਰੁੱਖ ਵਾਂਗ, ਮੈਂ ਕੱਲਾ ਹਾਂ।
ਬਹੁਤ ਦੇਰ ਤੋਂ,
ਚੌਕ ਦੀਆਂ ਟਰੈਫਿਕ ਲਾਈਟਾਂ ਨੂੰ ਵੇਖ ਰਿਹਾ ਹਾਂ :
ਵਾਹਣ, ਲੋਕ,
ਭੱਜੇ ਜਾ ਰਹੇ ਹਨ ...
ਪਰ ਮੈਂ ਰੁਕ ਗਿਆ ਹਾਂ !!!



## ਵਿਅਕਤੀਹੀਣਤਾ

ਸੱਤ ਰੰਗੀ ਪੀਂਘ ਤੇ ਆਕਾਸ਼–
ਖੰਭਾਂ ਦੀ ਫੜਫੜਾਹਟ,
ਸਿਰ ਨਾਲੋਂ ਧੜ ਅਲੱਗ !

ਆਪਣਾ ਆਪ ਬਨਣ ਲਈ,
ਮੇਰੇ ਅੰਦਰ ਤੇ ਬਾਹਰ,
ਇਹ ਕੌਣ ਮਰ ਰਿਹਾ ਹੈ ???

## ਅਰਥ-ਹੀਣ ਸੁੰਦਰਤਾ

ਉਹ, ਇਕ
ਫੁੱਲ ਤੋੜਕੇ ਤੁਰ ਗਿਆ,
[1]ਸਹੇ ਤੋਂ ਹੀ ਬਣ ਗਿਆ,
[2]ਪਹਿਆ ਜਿਹਾ !!!

ਬਾਗ਼,
ਵੀਰਾਨ ਹੋ ਗਿਆ !!!

ਟੁੱਟ, ਬਿਖਰ-
ਅਰਥ-ਹੀਣ ਸੁੰਦਰਤਾ !!!

1. ਸਹੇ ਤੋਂ : ਖਰਗੋਸ਼ ਤੋਂ
2. ਪਹਿਆ : ਰਸਤਾ



## ਯਾਦ

ਕਣੀਆਂ ਦੇ ਨਾਲ ਭਿੱਜੀ ਭਿੱਜੀ,
ਪੌਣ ਇਹ ਕਿੱਥੋਂ ਆਈ ਹੈ ?
ਫੁੱਲ-ਪੱਤੀਆਂ 'ਤੇ ਚਹਿਕਣ ਕਤਰੇ,
ਹਰ ਪੱਤੀ ਤ੍ਰਿਹਾਈ ਹੈ।

ਸੱਤਰੰਗੀਆਂ ਨੇ ਅਰਸ਼ਾਂ ਉੱਤੋਂ,
ਕੈਸੀ ਛਹਿਬਰ ਲਾਈ ਹੈ !
ਪੋਲੇ ਪੈਰੀਂ ਪੈਲਾਂ ਪਾਉਂਦੀ,
ਯਾਦ ਸੱਜਣ ਦੀ ਆਈ ਹੈ !!!

## ਆਦਿ ਅੰਤ ਤੋਂ ਪਾਰ

ਇਕ ਬਿੰਦੂ ਆਦਿ, ਇਕ ਅੰਤ-
ਵਿਚਕਾਰ ਵਿੰਗ ਵਲ ਖਾਂਦੀ,
ਉੱਚੀ ਨੀਵੀਂ ਲੀਕ !

ਸਦੀਆਂ ਤੋਂ,
ਸੂਰਜ ਦੁਆਲੇ,
ਘੁੰਮ ਰਹੀ ਧਰਤੀ,
ਜ਼ਿੰਦਗੀ-

ਆਦਿ ਵੀ ਅਨ੍ਹੇਰ !
ਅੰਤ ਵੀ ਅਨ੍ਹੇਰ !!

ਦੋ ਬਿੰਦੂਆਂ ਵਿੱਚ ਘਿਰੇ ਅਸੀਂ,
ਕਿੱਥੇ ਜਾ ਰਹੇ ਹਾਂ ???



## ਦਿਵਾ-ਸਵਪਨ

ਬਾਹਰ ਬਗ਼ੀਚੇ ਵਿੱਚ,
ਹਲਕੀ ਹਲਕੀ ਹਵਾ ਚੱਲ ਰਹੀ ਹੈ।
ਅੰਦਰ ਬੈਠਿਆਂ ਹੀ,
ਅੱਖਾਂ ਵਿੱਚ ਰੰਗ,
ਸਾਹਾਂ ਵਿੱਚ ਸੁਗੰਧ ਘੁਲ ਗਈ ਹੈ !!!
ਜੁ ਘੜੀ ਤੇਰੇ ਨਾਲ,
ਤੇਰੇ ਬਿਸਤਰ ਵਿੱਚ ਬੀਤੀ ਸੀ,
ਦਿਵਾ-ਸਵਪਨ ਵਿੱਚ ਬੇਅਰਥ ਹੋ ਰਹੀ ਹੈ !!!

## ਚੋਰ-ਭੁਲਾਈ

**(ਪੁਰਾਣੇ ਸਮੇਂ ਦੇ ਰੀਤੀਵਾਦੀ ਵਿਆਹ ਦੇ ਸੰਦਰਭ ਵਿੱਚ)**

ਲੀੜਿਆਂ ਦੇ ਵਿੱਚ ਗੰਢ ਵਾਂਗ ਬੱਝੀ,
ਸਾਡੇ ਘਰ, ਸਾਡੀ ਵਹੁਟੀ ਆਈ।
ਤਿੰਨ ਚਾਰ ਬੱਚੇ ਵੀ ਹੋ ਚੁੱਕੇ,
ਹੋਈ ਨਾ ਫਿਰ ਵੀ ਦੇਹ-ਦਿਖਾਈ।
ਟੁਕੜਿਆਂ ਵਿੱਚ ਅਧੂਰੇ ਦਰਸ਼ਨ,
ਵਿਆਹ ਹੀ ਬਣ ਗਿਆ ਚੋਰ-ਭੁਲਾਈ !!!



## **ਮੁੱਖ - ਪੋਥੀ - ਪਰਵਾਰ

ਆਪੋ ਆਪਣੇ ਖੇਤਰ ਵਿਚ,
ਨਿੱਕੇ ਨਿੱਕੇ ਮਸੰਦ ਬਣ ਗਏ।
ਸੀਮਤ ਜਿਹੇ ਘੇਰੇ ਵਿਚ:
ਆਪੋ ਆਪਣਾ ਬ੍ਰਹਮੰਡ ਬਣ ਗਏ।

ਪਿਆਰ ਹੈ, ਸਤਿਕਾਰ ਹੈ।
[1] 'ਲਾਈਕ', [2] 'ਡਿਸਲਾਈਕ' ਤੇ
ਖਾਮੋਸ਼-ਇਜ਼ਹਾਰ ਹੈ !
ਅਸੀਂ 'ਮੁੱਖ-ਪੋਥੀਏ',
ਸਾਡਾ ਪਰਵਾਰ ਹੈ !

ਸਭ ਨੂੰ ਨਿਹਾਰੀਏ,
ਆਪ ਨੂੰ ਵਿਚਾਰੀਏ,
ਸੱਤ ਰੰਗ ਪੀਂਘ ਵਿਚ,
ਅਨਿਕ ਰੰਗ ਸਾਡੇ ਵਿਚ-
ਚੜ੍ਹੀਏ ਤੇ ਚਾੜ੍ਹੀਏ।
ਘੇਰਿਆਂ ਨੂੰ ਤੋੜੀਏ,
ਜੁੜੀਏ ਤੇ ਜੋੜੀਏ।
ਸੁਸੀਮ 'ਚ ਅਸੀਮ,
ਮੁੱਖ-ਪੋਥੀ-ਆਕਾਰ ਹੈ।
ਅਸੀਂ 'ਮੁੱਖ-ਪੋਥੀਏ',
ਸਾਡਾ ਪਰਵਾਰ ਹੈ !

---

**ਮੁੱਖ-ਪੋਥੀ-ਪਰਵਾਰ - FaceBook Family,
1. ਲਾਈਕ - Like, 2. ਡਿਸਲਾਈਕ - Dislike

# ਫੁਟਕਲ ਕਵਿਤਾਵਾਂ ਤੇ ਗੀਤ



## ਅੱਖ ਦਾ ਵਲ

ਆਪਣੇ ਅੰਦਰ ਆਪਣੀ ਪੌੜੀ ਚੜ੍ਹਦੇ ਹਾਂ।
ਛੱਤ 'ਤੇ ਅੰਬਰ ਲਟਕੇ, ਉਸ ਨੂੰ ਫੜਦੇ ਹਾਂ।

ਚੰਦ, ਸਿਤਾਰੇ, ਸੂਰਜ ਵੀ ਨੇ ਏਥੇ ਹੀ,
ਮੁੱਠਾਂ ਭਰ ਭਰ ਵੇਖੋ ਸਭ ਨੂੰ ਫੜਦੇ ਹਾਂ।

ਧਰਤੀ ਸੂਰਜ ਦੁਆਲੇ ਘੁੰਮਦੀ ਰਹਿੰਦੀ ਹੈ,
ਆਪਣੇ ਅੰਦਰ ਆਪ ਜਦੋਂ ਵੀ ਖੜ੍ਹਦੇ ਹਾਂ।

ਅੱਗ ਨੂੰ ਖਾ ਖਾ ਬਣ ਗਏ ਹਾਂ ਹੁਣ ਅਗਨ-ਮੁਖੀ,
ਸੂਹੇ ਫੁਲ ਦੀ ਅਗਨੀ ਵਿਚ ਕਿਉਂ ਸੜਦੇ ਹਾਂ ?

ਵਾਦ ਵਿਵਾਦਾਂ ਦੇ ਝਗੜੇ ਸਭ ਛੱਡ ਦਿੱਤੇ,
ਹੁਣ ਤਾਂ ਆਪਣੇ ਆਪ ਦੇ ਨਾਲ ਹੀ ਲੜਦੇ ਹਾਂ।

ਝੱਖੜ ਆਏ ਸੁਨਾਮੀਂ ਫਿਰ ਵੀ ਟੁੱਟੇ ਨਾ,
ਉਸਦੀ ਅੱਖ ਦੇ ਵਲ ਨਾਲ ਫਿਰ ਵੀ ਝੜਦੇ ਹਾਂ।

## ਬੇਨਾਮ

ਅੱਖਾਂ ਸੌਂਹੇਂ ਘੁੰਮਦੇ ਹਨ
ਬੇਨਾਮ ਚਿਹਰੇ, ਪਰਛਾਵੇਂ
ਯਾਦਾਂ ਦੇ ਪ੍ਰਭਾਵ
ਬੀਤੇ ਦੇ ਅਨੁਭਵ।

ਕਲਪਨਾ ਸਜੱਗ ਹੈ
ਪਰ ਸੋਚ ਇਨ੍ਹਾਂ ਨੂੰ
ਨਾਮ ਨਹੀਂ ਦੇ ਪਾਉਂਦੀ

ਕਿੰਨਾ ਕੁਝ ਮੇਰੇ ਨਾਲੋਂ
ਟੁੱਟ, ਭੁਰ
ਖਿੰਡ ਗਿਆ ਹੈ ...
ਸਮੇਂ ਦੀ ਧੂੜ ਹੇਠ ...
ਬੇਸ਼ਬਦ, ਬੇਅਰਥ
ਬੇਨਾਮ ਹੋ ਗਿਆ ਹੈ !!!



## ਕਵਣ ਤੁਹਾਡਾ ਦੇਸ਼ ?

ਹੁਣੇ ਹੁਣੇ ਤੁਸੀਂ ਕਰੀ ਫਕੀਰੀ
ਹੁਣੇ ਹੁਣੇ ਦਰਵੇਸ਼
ਆਪਣੇ ਆਪ ਤੋਂ ਅੱਗੇ ਲੰਘ ਗਏ
ਕਵਣ ਤੁਹਾਡਾ ਦੇਸ਼ ?

ਦੇਸ਼ ਅਸਾਡਾ ਪਤਾ ਨਹੀਂ ਕਿਉਂ
ਆਪ ਅਨਾਪ 'ਚ ਪਾਟ ਗਿਆ
ਘਾਟ ਘਾਟ ਦਾ ਪਾਣੀ ਪੀਤਾ
ਘਾਟਾਂ ਵਿਚ ਗੁਆਚ ਗਿਆ
ਇਕ ਖਲਾਈ ਟਾਪੂ ਵਾਂਗੂੰ
ਵਿਚਰੇ ਅਸੀਂ ਹਮੇਸ਼

ਚੜ੍ਹਨਾਂ ਚਾਹਿਆ ਅੰਬਰਾਂ ਉੱਤੇ
ਸੱਤ-ਰੰਗੀਆਂ ਦੇ ਰੰਗ
ਸਾਗਰ ਉੱਤੇ ਤਰੇ ਗਲੇਸ਼ੀਅਰ
ਅਨਿਕ ਪਾਣੀ ਦੇ ਸੰਗ
ਬੱਦਲ, ਬਰਫਾਂ ਖੁਰਨ, ਕਰਨ ਫਿਰ
ਪਾਣੀ ਵਿਚ ਪਰਵੇਸ਼

ਧਰਤੀ ਦੇ ਵਿਚ ਬੀਜ ਗੁਆਚਾ
ਧਰਤੀ ਹਰਬਰਿਆਈ
ਆਪ ਗੁਆ ਅਨਾਪ ਨੂੰ ਲੱਭਣ

ਤੁਰ ਪਈ ਕੁਲ ਲੋਕਾਈ
ਆਪਣਾ ਸੀਸ ਵਾਰਿਆ, ਕੀਤਾ
ਹਰ ਦਰ ਘਰ ਨੂੰ ਪੇਸ਼

ਸੀਸ ਗੁਆ ਕੇ ਸੋਚ ਗੁਆਈ
ਸੋਚ ਗੁਆ ਕੇ ਦੇਸ਼
ਆਪਣੇ ਆਪ ਤੋਂ ਬੇਮੁੱਖ ਹੋ ਕੇ
ਦੇਸ਼ ਬਣੇ ਪਰਦੇਸ
ਨ੍ਹੇਰੇ ਦੇ ਨਾਲ ਟੱਕਰਾਂ ਬਚੀਆਂ
'ਨ੍ਹੇਰੇ ਨਾਲ ਕਲੇਸ਼

ਹੁਣੇ ਹੁਣੇ ਤੁਸੀਂ ਕਰੀ ਫਕੀਰੀ
ਹੁਣੇ ਹੁਣੇ ਦਰਵੇਸ਼
ਆਪਣੇ ਆਪ ਤੋਂ ਅੱਗੇ ਲੰਘ ਗਏ
ਕਵਣ ਤੁਹਾਡਾ ਦੇਸ਼ ?



## ਦਿਲ ਦਾ ਮਾਮਲਾ

***(6 ਜੂਨ 2017 ਨੂੰ ਹੋਈ ਐਂਜੀਓਗਰਾਮ1 ਤੋਂ ਬਾਅਦ)***

ਐਂਜੀਓਗਰਾਮ ਸਮੇਂ,
ਕੰਪਿਊਟਰ ਦੀ ਸਕਰੀਨ ਉੱਤੇ,
ਦਿਲ ਧੜਕ ਭੁੜਕ ਰਿਹਾ ਸੀ।
ਨੰਗਾ ਪੁੱਤ ਚੋਰਾਂ ਵਿੱਚ ਖੇਡ ਰਿਹਾ ਸੀ !!!

ਸੋਚਿਆ ਸੀ, ਕਿ
ਦਿਲ 'ਚੋਂ ਉਹ ਸੁੰਦਰ ਨਾਰੀ ਨਿਕਲੇਗੀ,
ਜਿਸ ਨੇ ਮੈਨੂੰ ਸੁਫਨੇ ਲੈਣੇ ਸਿਖਾਏ
ਤੇ, ਜਾਂ ਉਹ ਮਖੌਟੇ ਵਾਲੀ,
ਜਿਸ ਨੇ ਹਰ ਰੁੱਤ ਵਿੱਚ ਹੀ,
ਸਬਜ਼ ਬਾਗ਼ ਦਿਖਾਏ-
ਅਸੀਂ ਹਵਾ ਵਿੱਚ ਹੱਥ ਮਾਰਦੇ ਰਹਿ ਗਏ,
ਪਰਛਾਵੇਂ ਹੱਥ ਨਾ ਆਏ।

ਜਾਂ ਉਹ ਪ੍ਰੌਢ ਔਰਤ ਨਿਕਲੇਗੀ,
ਜਿਸ ਨੇ ਖਿਤਿਜ ਵਲ ਉਂਗਲੀ ਕਰਕੇ ਕਿਹਾ ਸੀ :
"ਇਕ ਨਾਲ ਹੀ ਬੱਝਾ ਰਹੇਂਗਾ,
ਤਾਂ ਦੁਨੀਆਂ ਕਿਵੇਂ ਵੇਖੇਂਗਾ ?
ਚਾਨਣ ਦੀ ਹਰ ਕਿਰਨ ਦੇ,
ਸੱਤ ਰੰਗ ਹੁੰਦੇ ਹਨ-

ਕਿਸਨੂੰ ਪਕੜੇਂਗਾ ?
ਕਿਸਨੂੰ ਛੱਡੇਂਗਾ ?"

ਜਾਂ ਉਹ ਘਾਗ ਔਰਤ ਨਿਕਲੇਗੀ,
ਜਿਸ ਨੇ ਜਿੰਦ, ਜੋਬਨ ਦੇ
ਪੰਜੇ ਦਰਿਆ ਡੀਕ ਲਏ ਸਨ
ਤੇ ਕਿਹਾ ਸੀ :
"ਮੈਂ ਕਿਸ਼ਤੀ ਹਾਂ,
ਮਰਦਾਂ ਨੂੰ ਪਾਰ ਪੁਚਾਉਂਦੀ ਹਾਂ,
ਕਿਸੇ ਇਕ ਨਾਲ ਬੱਝਕੇ ਨਹੀਂ ਰਹਿੰਦੀ।"

ਤੇ ਫਿਰ
ਆਪਣੀ ਕਮਾਨ ਹੋਈ ਦੇਹ ਵਲ,
ਇਸ਼ਾਰਾ ਕਰਦੀ ਹੋਈ ਬੋਲੀ :
"ਵਕਤੋਂ ਪਹਿਲਾਂ ਹੰਢ ਹਾਰ ਗਈ,
ਇਸ ਹੋਂਦ ਦਾ ਕੀ ਕਰੇਂਗਾ ?
ਆਪਣੀ ਨਜ਼ਰ ਨਾਲ ਨਵੇਂ ਅਸਮਾਨ ਵੇਖ,
ਨਵੇਂ ਖਿਤਿਜ ਖੋਲ੍ਹ–
ਆਪਣਾ ਆਪ ਬਣ ਕੇ ਜੀ।"

ਐਂਜੀਓਗਰਾਮ ਸਮੇਂ,
ਕੰਪਿਊਟਰ–ਸਕਰੀਨ ਉੱਤੇ,
ਮੇਰਾ ਦਿਲ ਧੜਕ, ਭੁੜਕ ਰਿਹਾ ਸੀ–
ਇਸ ਵਿੱਚੋਂ ਕੋਈ ਇਸ਼ਕ, ਮੁਸ਼ਕ ਨਾ ਨਿਕਲਿਆ !
ਨੰਗਾ ਪੁੱਤ ਚੋਰਾਂ ਵਿੱਚ ਖੇਡਦਾ ਰਿਹਾ ਸੀ !!!

1. ਐਂਜੀਓਗਰਾਮ – Angiogram, ਦਿਲ ਦਾ ਇਕ ਟੈਸਟ, ਜੁ ਐਕਸ–ਰੇ ਵਾਂਗ ਸਕਰੀਨ ਉੱਤੇ, ਮਰੀਜ਼ ਨੂੰ, ਧੜਕਦੇ ਦਿਲ ਦੇ ਦਰਸ਼ਨ ਕਰਵਾ ਦਿੰਦਾ ਹੈ।



## *ਅਲਵਿਦਾ ਦਾ ਮੌਸਮ

ਜ਼ਿੰਦਗੀ–
ਜਿਸ ਨੂੰ ਅਸੀਂ ਸਭ
ਭਿੱਜਕੇ ਜਿਊਣਾ ਮਾਨਣਾਂ ਚਾਹੁੰਦੇ ਹਾਂ,
ਜਿਸਦੇ ਸਾਗਰਾਂ 'ਚ ਡੁੱਬਣਾਂ,
ਅੰਬਰਾਂ 'ਚ ਉੱਡਣਾਂ ਚਾਹੁੰਦੇ ਹਾਂ,
ਕਿੰਨੀ ਬੋਝਲ ਹੋ ਗਈ ਹੈ,
ਲਾਇਲਾਜ, ਅਣਇੱਛਤ–
ਇਸ ਨਾਲੋਂ ਚੇਤੇ ਭੁਰ ਰਹੇ ਹਨ,
ਸ਼ਬਦ ਟੁੱਟ, ਬਿਖਰ, ਨਿਰਅਰਥ ਹੋ ਰਹੇ ਹਨ !

ਆਪਣਾ ਆਪ ਵੀ ਅਸਹਿ ਹੋ ਗਿਆ ਜਾਪਦਾ ਹੈ,
ਆਪਣਾ ਸੂਰਜ ਆਪਣੇ ਅੰਦਰ ਡੁੱਬ ਰਿਹਾ ਜਾਪਦਾ ਹੈ !
ਮੈਨੂੰ ਕੀ ਹੋ ਗਿਆ ਹੈ ?

ਰੁੱਖਾਂ ਤੋਂ ਪੱਤੇ ਝੜ, ਸੁੱਕ,
ਬਿਖਰ ਰਹੇ ਹਨ–
ਹਵਾ ਵਿਚ ਰੇਤ
ਸਾਹਾਂ ਵਿਚ ਸੇਕ

* 14 ਅਪ੍ਰੈਲ, 2016 ਨੂੰ ਕੈਨੇਡਾ ਦੀ ਪਾਰਲੀਮੈਂਟ ਵਿਚ 'ਡਾਕਟਰ ਦੀ ਸਹਾਇਤਾ ਨਾਲ ਮਰਨ' (Doctor Assisted Suicide) ਦਾ ਬਿਲ ਪੇਸ਼ ਹੋਣ ਤੋਂ ਬਾਅਦ ਲਿਖੀ ਕਵਿਤਾ।

ਸੋਚਣੀ 'ਚ ਛੇਕ
ਨਜ਼ਰ ਵਿਚ ਮੇਖ–
ਹਰ ਤਰਫ
ਅਲਵਿਦਾ ਦਾ ਮੌਸਮ ਹੈ !
ਫਿਰ ਵੀ,
ਅਣਇੱਛਤ ਜੀਵਨ,
ਕਬਰ 'ਤੇ ਬੂਟੇ ਵਾਂਗ,
ਮੇਰਾ ਜਿਸਮ ਸੰਭਾਲੀ ਬੈਠਾ ਹੈ !!!

ਕੈਨੇਡਾ ਵਿਚ,
ਜ਼ਿੰਦਗੀ ਦੇ ਅੰਤ ਲਈ ਇਕ ਨਵਾਂ ਕਾਨੂੰਨ ਬਣ ਰਿਹਾ ਹੈ !
ਜਾਪਦਾ ਹੈ, ਜਿਵੇਂ
ਮੁੱਕਣ ਤੋਂ ਪਹਿਲਾਂ ਮੁੱਕਣ ਦਾ ਮੌਸਮ ਹੈ।
ਚਾਨਣ ਹੁੰਦਿਆਂ ਵੀ,
ਚਾਰ ਚੁਫੇਰ
'ਨ੍ਹੇਰ ਤਣ ਰਿਹਾ ਹੈ !
ਜ਼ਿੰਦਗੀ ਦਾ ਮੌਸਮ,
ਮੌਤ ਦਾ ਮੌਸਮ ਬਣ ਰਿਹਾ ਹੈ !!!



## ਕਾਵਿ–ਨਾਟਕ "ਆਪੋ ਆਪਣੇ ਦਰਿਆ" ਦਾ 'ਥੀਮ–ਗੀਤ'

ਖੁੱਲ੍ਹੇ ਹੋਏ ਦਰ ਵਿੱਚ ਅਟਕੀ ਹੋਈ,
ਇਹ ਵਿਥਿਆ ਹੈ ਦੀਵਾਰਾਂ ਦੀ,
ਕੁਝ ਫੁੱਲਾਂ ਦੀ, ਕੁਝ ਮਹਿਕਾਂ ਦੀ,
ਕੁਝ ਮਘਦੇ ਹੋਏ ਅੰਗਿਆਰਾਂ ਦੀ।

ਅਸੀਂ ਖਿੜਕੀ ਸਾਂ, ਦਰਵਾਜ਼ਾ ਸਾਂ,
ਅਸੀਂ ਰਾਹ ਵੀ ਸਾਂ, ਦਿਸ਼ਾ ਵੀ ਸਾਂ।
ਅਸੀਂ ਅੰਬਰ ਸਾਂ, ਅਸੀਂ ਬ੍ਰਹਮੰਡ ਸਾਂ,
ਅਸੀਂ ਆਪਣੀ ਆਪ ਖਲਾਅ ਵੀ ਸਾਂ।
ਪੱਤਝੜ ਵਿੱਚ ਝੜਦੇ ਸਨ ਸੱਭੇ,
ਕਰ ਕਰਕੇ ਗੱਲ ਬਹਾਰਾਂ ਦੀ।

ਵੰਡੇ ਗਏ ਕੰਧਾਂ ਬਣ, ਬਣ ਕਿਉਂ ?
ਪੈਗ਼ੰਬਰ ਸਾਂ, ਗੁਮਰਾਹ ਵੀ ਸਾਂ।
ਖੁਸ਼ੀਆਂ ਵਿੱਚ ਖੇੜਾ, ਖੇੜਾ ਸਾਂ,
ਗ਼ਮੀਆਂ ਵਿੱਚ ਮਚਦੀ ਆਹ ਵੀ ਸਾਂ।
ਇਹ ਪੰਛੀ ਖੰਭ ਤੁੜਵਾ ਬੈਠਾ,
ਗਿਣਤੀ ਕਰ, ਕਰਕੇ ਡਾਰਾਂ ਦੀ।

ਇਕ ਰਸਤਾ ਸਭ ਦਾ ਰਸਤਾ ਸੀ,
ਇਕ ਚਿੰਤਨ ਸਭ ਵਿੱਚ ਜੱਗਦਾ ਸੀ।

ਇਕ ਰੱਬ ਸੀ ਤੇ ਵਿਸ਼ਵਾਸ ਸੀ ਇਕ,
ਦੁੱਖ ਸੁੱਖ ਸਭ ਸੌਖਾ ਲੱਗਦਾ ਸੀ।
ਜੀਵਨ ਵਿੱਚ ਦੁਸ਼ਮਣ ਵੀ ਆਏ,
ਇਹ ਬਸਤੀ ਸੀ ਪਰ ਯਾਰਾਂ ਦੀ।

ਹੁਣ ਤਰਕ ਜੀਭ ਦਾ ਛਾਲਾ ਹੈ
ਤੇ ਕਿਉਂ ? ਕਿਵੇਂ ? ਦੀ ਬੋਲੀ ਹੈ।
ਵਿਸ਼ਵਾਸ ਦੇ ਤੀਲੇ ਬਿਖਰ ਗਏ
ਤੇ ਭਟਕਣ ਨੇ ਜਿੰਦ ਰੋਲੀ ਹੈ।
ਹੁਣ ਘਰ ਹੈ, ਪਰ ਘਰ-ਵਾਸ ਨਹੀਂ,
ਇਹ ਵਿਥਿਆ ਹੈ ਘਰ-ਮਾਰਾਂ ਦੀ।

ਸਭ ਤਾਣਾ ਬਾਣਾ ਉਲਝ ਗਿਆ,
ਇਹ ਜੀਵਨ ਗੋਰਖਧੰਦਾ ਹੈ,
ਭਾਅ ਘੱਟ ਚੜ੍ਹਦਾ ਤੇ ਵਧ ਡਿਗਦਾ,
ਇਸ ਮੰਡੀ ਦੇ ਵਿੱਚ ਮੰਦਾ ਹੈ !
ਤੁਲ, ਤੁਲ ਕੇ ਵਿਕਦੇ ਰਹਿੰਦੇ ਹਾਂ,
ਰੁੱਤ ਲੁੱਟ ਦੇ ਹੀ ਬਿਓਪਾਰਾਂ ਦੀ !!!



## ਕਾਵਿ-ਨਾਟਕ "ਹੋਂਦ ਨਿਹੋਂਦ" ਲਈ ਲਿਖਿਆ 'ਮਾਹੀਆ'-1

**ਟੋਲੀ-1**

ਰੁਖ ਬਦਲੇ ਹਵਾਵਾਂ ਦੇ-
ਰਾਹਾਂ ਵਿਚ ਰਾਹ ਖੜ੍ਹ ਗਏ,
ਪੱਤ ਝੜ ਗਏ ਨੇ ਛਾਵਾਂ ਦੇ।

**ਟੋਲੀ-2**

ਨਜ਼ਰਾਂ ਵਿਚ ਨਜ਼ਰ ਨਹੀਂ—
ਛਾਨਣੀ 'ਚੋਂ ਰੇਤ ਕਿਰ ਗਈ,
ਸਾਡੀ ਰਾਤ ਲਈ ਫ਼ਜਰ ਨਹੀਂ।

**ਟੋਲੀ-1**

ਖੰਭ ਟੁੱਟ ਗਏ ਨੇ ਤਿੱਤਰਾਂ ਦੇ—
ਅੰਬਰ ਬੇਅਰਥ ਹੋ ਗਿਆ,
ਰੁੱਸੇ ਮੇਲੇ ਮਿੱਤਰਾਂ ਦੇ।

**ਟੋਲੀ-2**

ਪੈਰਾਂ ਵਿਚ ਛਾਲੇ ਨੇ—
ਨਜ਼ਰਾਂ 'ਚ ਦਿਸ਼ਾ ਖੁੱਸ ਗਈ,
ਇਹ ਰਸਤੇ ਹਵਾਲੇ ਨੇ।

**ਟੋਲੀ-1**

ਸਭ ਦੀਪਕ ਬੁੱਝ ਚੱਲੇ—
ਮੱਥੇ ਵਿਚ ਨਹੀਂ ਰੌਸ਼ਨੀ,
ਇਸ ਰੁੱਤੇ ਨਾ ਮੌਤ ਟਲੇ।

**ਟੋਲੀ-1 ਅਤੇ ਟੋਲੀ-2 (ਇਕੱਠੇ)**

ਏਥੇ ਚੁੱਪ ਨਾ, ਸ਼ੋਰ ਨਹੀਂ—
ਝੱਖੜੀਂ ਪਤੰਗ ਟੁੱਟ ਗਈ,
ਸਾਡੇ ਹੱਥ ਵਿਚ ਡੋਰ ਨਹੀਂ।

**ਔਰਤ**

ਇਕ ਸੂਲ 'ਤੇ ਤ੍ਰੇਲ ਪਈ-
ਛਿਣ ਭਰ ਦੀ ਜ਼ਿੰਦਗੀ,
ਫੁੱਲਾਂ ਵਿਚ ਖੇਲ੍ਹ ਰਹੀ।

**ਔਰਤ**

ਕੋਈ ਮਰ ਕੇ ਵੀ ਨਾ ਮਰਿਆ-
ਬੀਜ ਵਿੱਚੋਂ ਰੁੱਖ ਜੰਮਿਆਂ,
ਅਤੇ ਮਾਂ ਵਿੱਚੋਂ ਪੁੱਤ ਤੁਰਿਆ।



## ਕਾਵਿ-ਨਾਟਕ "ਹੋਂਦ ਨਿਹੋਂਦ" ਲਈ ਲਿਖਿਆ 'ਮਾਹੀਆ'-2

ਟੱਬਰ ਸਭ ਟੁੱਟ ਗਏ ਨੇ-
ਇਹ ਰਿਸ਼ਤੇ ਕਬਾੜਖਾਨਾ,
ਆਪਣੇ ਆਪ 'ਚ ਰੁਕ ਗਏ ਨੇ

ਪ੍ਰੀਤਾਂ ਹੀ ਨੇ ਸੱਚ ਮਿੱਤਰਾ-
ਚਿੰਤਨ ਦਾ ਮੰਥਨ ਇਹ,
ਬਾਕੀ ਜੱਗ ਸਾਰਾ ਕੱਚ ਮਿੱਤਰਾ

ਸੋਚਾਂ ਵਿੱਚ ਪਾ ਦੇਵੇਂ-
ਰਿਸ਼ਤੇ ਤੋਂ ਗੱਲ ਤੋਰ ਕੇ,
ਲੜ ਪ੍ਰੀਤਾਂ ਦੇ ਲਾ ਦੇਵੇਂ

ਲੜ ਪ੍ਰੀਤਾਂ ਦੇ ਲਾ ਦੇਵੇਂ-
ਆਪ ਤੂੰ ਲਿਖੇਂ ਕਵਿਤਾ,
ਮੈਨੂੰ ਕਵਿਤਾ ਬਣਾ ਦੇਵੇਂ

ਤੂੰ ਖੰਭ ਮੈਂ ਉਡਾਰੀ ਹਾਂ-
ਅੰਬਰਾਂ 'ਤੇ ਫਿਰਾਂ ਉੱਡਦੀ,
ਤੇਰੀ ਹੀ ਖੁਮਾਰੀ ਹਾਂ

## ਕਾਵਿ–ਨਾਟਕ “ਹੋਂਦ ਨਿਹੋਂਦ” ਲਈ ਲਿਖਿਆ ‘ਮਾਹੀਆ’–2

**ਟੋਲੀ–1**

ਅਸੀਂ [1]‘ਹੋ ਕੇ’ ਵੀ ਨਾ ‘ਹੋਏ’,
ਵਿਚਰੇ [2]‘ਨਿਹੋਂਦ’ ਬਣ ਕੇ,
ਨਾ ਜੀਵੇ, ਨਾ ਮੋਏ।

**ਟੋਲੀ–2**

ਜ਼ਿੰਦਗੀ ਨੂੰ ਦਿਸ਼ਾ ਦਿਓ–
ਨਿਕਲੋ ਉਲਝਣ ’ਚੋਂ,
ਸ਼ਬਦਾਂ ਨੂੰ ਵਿਸ਼ਾ ਦਿਓ–

**ਟੋਲੀ–1**

ਭਟਕਣ ਹੈ ਦਿਸ਼ਾਵਾਂ ਵਿਚ–
ਸ਼ਬਦਾਂ ਤੋਂ ਅਰਥ ਰੁੱਸ ਗਏ,
ਵਿਸ਼ਾ ਲਟਕੇ ਖਲਾਵਾਂ ਵਿਚ।

**ਟੋਲੀ–2**

ਭਟਕਣ ਨੂੰ ਸੰਗ ਦੇਵੋ–
ਕੋਰੇ, ਚਿੱਟੇ ਪੰਨਿਆਂ ਨੂੰ,
ਜ਼ਿੰਦਗੀ ਦੇ ਰੰਗ ਦੇਵੋ।



**ਟੋਲੀ–1**

ਹਰ ਤਰਫ਼ ਹੀ ਦਹਿਸ਼ਤ ਹੈ–
ਮੌਤ ਤੇ ਦਰਿੰਦਗੀ ਦੀ,
ਹਰ ਤਰਫ਼ ਹੀ ਵਹਿਸ਼ਤ ਹੈ !

**ਟੋਲੀ–2**

ਲੋਕਾਂ ਨੂੰ ਜਗਾਵਾਂਗੇ–
ਦੁਸ਼ਟਾਂ ਦੀ ਘੱਟ ਗਿਣਤੀ,
ਨੱਥ ਪਾ ਕੇ ਬਿਠਾਵਾਂਗੇ।

**ਟੋਲੀ–1 ਤੇ ਟੋਲੀ–2 (ਇਕੱਠਿਆਂ)**

ਯੁਵਕਾਂ ਨੂੰ ਕੰਮ ਲਾਓ,
ਅਰਥ ਦਿਓ ਮੰਤਵ,
ਜ਼ਿੰਦਗੀ ਦੇ ਰਾਹ ਪਾਓ।

ਹਰ ਰਾਵਣ ਫੜ ਕੱਢੋ–
ਗੰਧਲੀ ਸਿਆਸਤ ਦਾ,
ਢਾਂਚਾ ਹੀ ਬਦਲ ਛੱਡੋ।

ਅਸੀਂ ਸੁਫਨੇ ਵੰਡਾਂਗੇ–
ਜ਼ਿੰਦਗੀ ਦੀ ਹਰ ਰੁੱਤ ਨੂੰ,
ਸੱਤ ਰੰਗਾਂ ’ਚ ਰੰਗਾਂਗੇ !!!

---

1. ‘ਹੋ ਕੇ’ ਜਾਂ ‘ਹੋਏ’– ਅਸਤਿਤਵਵਾਦੀ ਸੰਕਲਪ Becoming ਵਲ ਇਸ਼ਾਰਾ।
2. ਨਿਹੋਂਦ : ਅਸਤਿਤਵਾਦੀ ਦਰਸ਼ਨ ਦੇ ਸੰਕਲਪ Nothingness ਵਲ ਇਸ਼ਾਰਾ।

## ਕਾਵਿ–ਨਾਟਕ "ਭਰਮ–ਜਲ" ਦਾ 'ਥੀਮ–ਗੀਤ'

ਭਰਮ–ਜਲਾਂ ਦੀ ਭਟਕਣ ਬਣ ਗਈ,
ਜੀਕੂੰ ਸਾਡਾ ਸ਼ਰਾਪ !
ਇਕ ਦੂਜੇ ਵਿੱਚ ਗੁੰਮ ਹੋ ਜਾਈਏ,
ਢੂੰਡੀਏ ਆਪਣਾ ਆਪ।

ਨਾ ਮਹਿਬੂਬ, ਨਾ ਮਿਲੀ ਸ਼ਾਂਤੀ,
ਉਲਝ ਗਏ ਰਾਹ ਸਾਰੇ।
ਆਪਣਾ ਪਿੰਜਰਾ, ਕੈਦ ਵੀ ਆਪਣੀ,
ਬੰਦ ਹਨ ਸਗਲ ਦੁਆਰੇ।

ਕੱਚੇ ਧਾਗੇ, ਪੱਕੀਆਂ ਗੰਢਾਂ,
ਹੋਂਦ ਵੀ ਉਲਝੀ ਨਾਲੇ।
ਆਪਣੇ ਅੰਦਰ ਟੁੱਟ, ਬਿਖਰ ਗਏ,
ਗੁੰਮ ਗਏ ਸਭ ਉਜਾਲੇ।

ਰੁਕ, ਰੁਕ ਤੁਰੀਏ, ਤੁਰ, ਤੁਰ ਰੁਕੀਏ,
ਭਰਮ ਬਣਾ ਲਈ ਜ਼ਿੰਦਗੀ।
'ਸਦਾ–ਅਪੂਰਨਤਾ' ਦੀ ਹਾਲਤ,
ਕੈਸੀ ਸਾਡੀ ਬੰਦਗੀ !!!

ਆਪੋ ਆਪਣਾ ਦਾਇਰਾ ਵਾਹ ਕੇ,
ਕੈਦ ਹੋ ਗਏ ਸਾਰੇ।
ਕਿੱਥੇ ਤੁਰ ਗਏ ਰਿਸ਼ਤੇ ਸਾਡੇ,
ਸੂਰਜ, ਚੰਦ, ਨਜ਼ਾਰੇ ???



## ਕਾਵਿ–ਨਾਟਕ "ਭਰਮ–ਜਲ" ਲਈ ਲਿਖਿਆ 'ਮਾਹੀਆ'

ਅਸੀਂ ਖੁਦ ਨਾਲੋਂ ਟੁੱਟ ਗਏ ਆਂ
ਰਿਸ਼ਤੇ ਨਾ ਸਮਝ ਪਏ
ਖੜ੍ਹੇ ਸਮਿਆਂ 'ਚ ਰੁਕ ਗਏ ਆਂ

ਪੈਰ ਪੁੱਟਦੇ ਹੀ ਭਟਕ ਗਏ
ਜ਼ਿੰਦਗੀ ਮਖੌਟਾ ਬਣ ਗਈ
ਅਸੀਂ ਹਵਾ ਵਿੱਚ ਲਟਕ ਗਏ

ਕਾਂਡ ਮੁੱਕਿਆ ਕਹਾਣੀ ਦਾ
ਤਨ ਮਨ ਉਲਝ ਗਏ
ਦੂਜੇ ਜ਼ੋਰ ਜਵਾਨੀ ਦਾ

ਪੀਂਘ ਅੰਬਰਾਂ 'ਤੇ ਪਾਂਦੀ ਏ
ਹਨੀਮੂਨ ਬਣੀ ਜ਼ਿੰਦਗੀ
ਹੱਥੋਂ ਛੁੱਟ ਛੁੱਟ ਜਾਂਦੀ ਏ

ਬਣੇ ਆਪਣੇ ਬੇਗਾਨੀ ਨੇ
ਪਤੀ ਵੀ ਬਲਾਤਕਾਰੀ
ਸਭ ਰਿਸ਼ਤੇ ਬਹਾਨੇ ਨੇ

ਰੰਗ ਫਿੱਟ ਗਏ ਬਹਾਰਾਂ ਦੇ
ਖੰਭ ਤੋਂ ਹੀ ਡਾਰ ਬਣ ਗਈ
ਕੋਰੇ ਵਰਕੇ ਯਾਰਾਂ ਦੇ

## ਕਾਵਿ-ਨਾਟਕ "ਸਿਆਸੀ ਦੰਦ-ਕਥਾ" ਲਈ ਲਿਖੀ ਕਵੀਸ਼ਰੀ

**ਕਵੀਸ਼ਰ-1 ਤੇ ਕਵੀਸ਼ਰ-2 (ਇਕੱਠੇ)**

ਵਿਥਿਆ, ਮਿਥਿਆ, 'ਕੱਠੀ ਕਰ, ਇਹ
ਦੰਦ-ਕਥਾ ਸੁਣਾਵਾਂ।
ਅੰਨ੍ਹੀਂ ਸੱਤਾ ਕੀ ਕਰ ਸਕਦੀ,
ਉਸਦਾ ਹਾਲ ਵਿਖਾਵਾਂ !

**ਕਵੀਸ਼ਰ-1**

ਰੱਬ ਦੇ ਘਰ 'ਹਰਿਮੰਦਰ' ਉੱਤੇ,
ਫ਼ੌਜਾਂ ਕਿਵੇਂ ਚੜ੍ਹਾਈਆਂ !
ਦਿੱਲੀ ਦੇ ਦਰਬਾਰ ਦੀ ਸਾਜ਼ਸ਼,
ਉਸਦੀਆਂ ਸਭ ਚਤੁਰਾਈਆਂ !
ਚਾਰ ਚੁਫੇਰੇ 'ਨ੍ਹੇਰ ਫੈਲਿਆ,
ਡੁੱਬ ਗਈਆਂ ਰੁਸ਼ਨਾਈਆਂ !
[1] 'ਰਾਜ-ਸੱਤਾ ਦੀ ਦਹਿਸ਼ਤਗਰਦੀ',
ਹੱਦਾਂ ਸਭ ਮਿਟਾਈਆਂ !

**ਕਵੀਸ਼ਰ-2**

"ਰਾਜੇ ਸ਼ੀਂਹ ਮੁਕੱਦਮ ਕੁੱਤੇ"
ਦਾ ਇਹ ਸੱਚ ਸੁਣਾਵਾਂ !
ਤਨ ਦੀ ਸੂਲੀ ਲਟਕੇ ਮਨ ਦਾ,
ਮਨਜ਼ਰ ਅੱਜ ਵਿਖਾਵਾਂ !



**ਕਵੀਸ਼ਰ-1 ਤੇ ਕਵੀਸ਼ਰ-2 (ਇਕੱਠੇ)**

ਵਿਥਿਆ, ਮਿਥਿਆ 'ਕੱਠੀ ਕਰ, ਇਹ
ਦੰਦ-ਕਥਾ ਸੁਣਾਵਾਂ !
ਅੰਨ੍ਹੀਂ ਸੱਤਾ ਕੀ ਕਰ ਸਕਦੀ,
ਉਸਦਾ ਹਾਲ ਵਿਖਾਵਾਂ !

**ਕਵੀਸ਼ਰ-2**

ਬੁੱਧ, ਵਿਵੇਕ ਨੂੰ ਛਿੱਕੇ ਟੰਗਕੇ,
ਅੱਗਾਂ ਕਿਸ ਭੜਕਾਈਆਂ ?
ਅੰਮ੍ਰਿਤ ਬਾਣੀ ਜ਼ਖਮੀਂ, ਕਿਸ ਨੇ
ਡਾਢੀਆਂ ਚੋਟਾਂ ਲਾਈਆਂ ?
ਟੁਕੜਾ, ਟੁਕੜਾ ਹੋ ਗਏ ਭਾਈ,
ਕੈਸੀਆਂ ਵੰਡੀਆਂ ਪਾਈਆਂ ?
ਕੈਸਾ ਹੱਲ ਕਰਨ ਲਈ ਫ਼ੌਜਾਂ,
ਕਵਣ ਦੇਸ਼ ਤੋਂ ਆਈਆਂ ???

**ਕਵੀਸ਼ਰ-1**

ਆਪਣੀਆਂ ਫ਼ੌਜਾਂ, ਆਪਣੇ ਲੋਕੀਂ,
ਆਪਣਾ ਹੀ ਸਿਰਨਾਵਾਂ !
ਨਫ਼ਰਤ, ਕ੍ਰੋਧ, ਜ਼ਹਿਰ ਦੀ ਨੀਤੀ
ਦੇ ਕਰਤੱਬ ਦਿਖਲਾਵਾਂ !!!

**ਕਵੀਸ਼ਰ-1 ਤੇ ਕਵੀਸ਼ਰ-2 (ਇਕੱਠੇ)**

ਵਿਥਿਆ, ਮਿਥਿਆ 'ਕੱਠੀ ਕਰ, ਇਹ
ਦੰਦ-ਕਥਾ ਸੁਣਾਵਾਂ !
ਅੰਨ੍ਹੀਂ ਸੱਤਾ ਕੀ ਕਰ ਸਕਦੀ,
ਉਸਦਾ ਹਾਲ ਵਿਖਾਵਾਂ !!!

---

1. ਰਾਜ-ਸੱਤਾ ਦੀ ਦਹਿਸ਼ਤਗਰਦੀ : State Terrorism

# ਸੁਖਨ ਜਿਨ੍ਹਾਂ ਦੇ ਪੱਲੇ – 7



## ਸ਼ਾਇਰੀ ਦਾ ਲਗਾਤਾਰ ਵਗਦਾ ਦਰਿਆ : ਰਵਿੰਦਰ ਰਵੀ

**ਸੁਭਾਸ਼ ਘਈ**

ਰਵਿੰਦਰ ਰਵੀ ਬਾਰੇ ਕੁਛ ਕਹਿਣਾ ਸਮੁੰਦਰ ਰਿੜਕਣ ਵਾਂਗ ਹੈ। ਸਮੁੰਦਰ ਰਿੜਕਣਾ ਬਹੁਤ ਕਠਿਨ ਹੈ। ਪਰ ਰਿੜਕਣ ਵਾਲੇ ਨੂੰ ਕਿੰਨੇ ਰਤਨ ਪ੍ਰਾਪਤ ਹੁੰਦੇ ਹਨ, ਇਸ ਦੀ ਕੋਈ ਗਿਣਤੀ ਨਹੀਂ। ਉਸ ਨੇ ਗਿਣਤੀ ਪੱਖੋਂ ਅਤੇ ਸਾਹਿਤ ਰੂਪਾਂ ਦੀ ਵੰਨ-ਸੁਵੰਨਤਾ ਪੱਖੋਂ ਜਿੰਨਾ ਸਾਹਿਤ ਰਚਿਆ ਹੈ, ਓਨਾ ਸ਼ਾਇਦ ਹੀ ਕਿਸੇ ਹੋਰ ਪੰਜਾਬੀ ਲੇਖਕ ਨੇ ਰਚਿਆ ਹੋਵੇ। ਉਸ ਦੀ ਵਿਲੱਖਣਤਾ ਇਹ ਹੈ ਕਿ ਉਸ ਦਾ ਸਾਹਿਤਕ ਕਾਰਜ ਗੁਣਾਤਮਕ ਪੱਖ ਤੋਂ ਵੀ ਬੁਲੰਦੀ ਉੱਪਰ ਹੈ। ਮਿਕਦਾਰ ਅਤੇ ਮਿਆਰ ਦੋਵੇਂ ਉਸ ਦੇ ਰਚਨਾਤਮਕ ਕਾਰਜ ਵਿਚ ਪ੍ਰਾਪਤ ਹੁੰਦੇ ਹਨ, ਤੇ ਉਹ ਵੀ ਕਦਮ ਨਾਲ ਕਦਮ ਮਿਲਾ ਕੇ ਚੱਲਦੇ ਹੋਏ।

ਰਵਿੰਦਰ ਰਵੀ 50ਵੇਂ ਦਹਾਕੇ ਵਿਚ ਪੰਜਾਬੀ ਸ਼ਾਇਰੀ ਦੇ ਅੰਬਰ ਤੇ ਉਗਮਣ ਵਾਲਾ ਉਹ ਸਿਤਾਰਾ ਹੈ, ਜੋ ਅੱਜ ਵੀ ਧਰੂ ਤਾਰੇ ਵਾਂਗ ਰੌਸ਼ਨ ਹੈ। ਉਹ ਪੰਜਾਬੀ ਕਵਿਤਾ ਦੇ ਇਤਿਹਾਸ ਵਿਚ ਪ੍ਰਯੋਗਸ਼ੀਲ ਲਹਿਰ ਦੇ ਸੰਸਥਾਪਕਾਂ ਅਤੇ ਸੰਚਾਲਕਾਂ ਵਿਚੋਂ ਇਕ ਹੋਣ ਦਾ ਗੌਰਵਮਈ ਸਥਾਨ ਰੱਖਦਾ ਹੈ। ਉਸ ਦੀ ਸ਼ਾਇਰੀ ਸਮਕਾਲੀ ਵਿਸ਼ਵੀਕਰਨ ਦੇ ਯੁੱਗ ਤਕ ਦੀ ਪੰਜਾਬੀ ਕਵਿਤਾ ਦਾ ਕਾਵਿਕ ਦਸਤਾਵੇਜ਼ ਆਖੀ ਜਾ ਸਕਦੀ ਹੈ। ਉਸ ਨੇ ਸ਼ਾਇਰੀ ਤੋਂ ਇਲਾਵਾ ਕਾਵਿ-ਨਾਟਕ, ਕਹਾਣੀ, ਸਫ਼ਰਨਾਮਾ ਤੇ ਸਵੈਜੀਵਨੀ ਦੇ ਖੇਤਰ ਵਿਚ ਵੀ ਨਵੇਂ ਦਿਸਹੱਦੇ ਪ੍ਰਦਾਨ ਕੀਤੇ ਹਨ।

ਰਵਿੰਦਰ ਰਵੀ ਦਾ ਜਨਮ 8 ਮਾਰਚ 1937 ਨੂੰ ਸਿਆਲਕੋਟ ਵਿਖੇ ਪ੍ਰੋ. ਪਿਆਰਾ ਸਿੰਘ ਗਿੱਲ ਅਤੇ ਸ੍ਰੀਮਤੀ ਚਰਨਜੀਤ ਕੌਰ ਦੇ ਘਰ ਹੋਇਆ। ਉਸ ਦੇ ਪਿਤਾ ਜੀ ਮਰੇ ਕਾਲਜ ਸਿਆਲਕੋਟ ਵਿਚ ਪੰਜਾਬੀ ਦੇ ਪ੍ਰੋਫੈਸਰ ਸਨ। ਉਸ ਨੇ ਪ੍ਰਾਇਮਰੀ ਦੀ ਵਿੱਦਿਆ ਸਿਆਲਕੋਟ 'ਚ ਹੀ ਪ੍ਰਾਪਤ ਕੀਤੀ। ਦੇਸ਼-ਵੰਡ ਤੋਂ

ਬਾਅਦ ਉਨ੍ਹਾਂ ਦਾ ਪਰਿਵਾਰ ਆਪਣੇ ਜੱਦੀ ਪਿੰਡ ਜਗਤਪੁਰ ਵਿਚ ਆ ਵੱਸਿਆ। ਉਸ ਨੇ ਖਾਲਸਾ ਹਾਈ ਸਕੂਲ ਸਰਹਾਲ ਕਾਜ਼ੀਆਂ ਤੋਂ ਮੈਟ੍ਰਿਕ ਕੀਤੀ ਅਤੇ ਲਾਇਲਪੁਰ ਖਾਲਸਾ ਕਾਲਜ ਜਲੰਧਰ ਵਿਚ ਐਫ.ਏ. (ਮੈਡੀਕਲ) ਵਿਚ ਦਾਖਲਾ ਲੈ ਲਿਆ, ਜਿੱਥੇ ਉਸ ਦੇ ਪਿਤਾ ਪ੍ਰੋਫੈਸਰ ਵਜੋਂ ਨਿਯੁਕਤ ਸਨ। ਕਾਲਜ ਦੀ ਪੜ੍ਹਾਈ ਵਿੱਚੇ ਛੱਡ ਕੇ ਉਸ ਨੇ ਜੇ.ਬੀ.ਟੀ. ਕੀਤੀ ਅਤੇ ਅਧਿਆਪਕ ਵਜੋਂ ਨਿਯੁਕਤ ਹੋ ਗਿਆ। ਉਸ ਨੇ ਨੌਕਰੀ ਕਰਦਿਆਂ ਪ੍ਰਾਈਵੇਟ ਤੌਰ ਤੇ ਐਮ. ਏ. ਅਤੇ ਬੀ.ਟੀ. ਪਾਸ ਕੀਤੀ ਅਤੇ ਹਾਇਰ ਸੈਕੰਡਰੀ ਸਕੂਲ ਦਾ ਅਧਿਆਪਕ ਬਣ ਗਿਆ। 1961 ਵਿਚ ਪੰਜਾਬੀ ਕਵਿਤਾ ਵਿਚ ਚੱਲੀ ਪ੍ਰਯੋਗਸ਼ੀਲ ਲਹਿਰ ਦੀ ਸਥਾਪਨਾ ਅਤੇ ਸੰਚਾਲਨ ਵਿਚ ਉਸ ਦੀ ਅਹਿਮ ਭੂਮਿਕਾ ਸੀ। ਉਹ ਕਾਫੀ ਹਾਊਸ ਜਲੰਧਰ ਦੀਆਂ ਸਰਗਰਮੀਆਂ ਨਾਲ ਜੁੜਿਆ ਹੋਇਆ ਸੀ, ਜੋ ਸ਼ਾਇਰਾਂ ਅਤੇ ਚਿੰਤਕਾਂ ਦਾ ਅਹਿਮ ਟਿਕਾਣਾ ਸੀ। 1961 ਵਿਚ ਉਸ ਦੀ ਪਹਿਲੀ ਕਾਵਿ ਪੁਸਤਕ ‘ਦਿਲ ਦਰਿਆ ਸਮੁੰਦਰੋਂ ਡੂੰਘੇ’ ਛਪੀ ਅਤੇ 1963 ਵਿਚ ਦੂਜੀ ਕਾਵਿ ਪੁਸਤਕ ‘ਬੁੱਕਲ ਦੇ ਵਿਚ ਚੋਰ’। 1963 ’ਚ ਹੀ ਉਸ ਦਾ ਪਹਿਲਾ ਕਹਾਣੀ ਸੰਗ੍ਰਹਿ ‘ਚਰਾਵੀ’ ਛਪਿਆ। ਉਸ ਦੇ ਰੰਗੀਨ ਸੁਪਨਿਆਂ ਦੀ ਪਰਵਾਜ਼ ਲਈ ਨਵੇਂ ਅਸਮਾਨ ਦੀ ਤਲਾਸ਼ ਉਸ ਨੂੰ ਸੱਤ ਸਮੁੰਦਰੋਂ ਪਾਰ ਲੈ ਗਈ। ਉਹ 1967 ਵਿਚ ਕੀਨੀਆਂ ਚਲਾ ਗਿਆ। ਜਿੱਥੇ ਉਸ ਨੇ ਸਕੂਲ ਅਧਿਆਪਕ ਵਜੋਂ ਪ੍ਰਭਾਵਸ਼ਾਲੀ ਢੰਗ ਨਾਲ ਕਈ ਸਾਲ ਕੰਮ ਕੀਤਾ। ਇੱਥੋਂ ਉਹ ਕੈਨੈਡਾ ਪਹੁੰਚ ਗਿਆ ਅਤੇ 1976 ਵਿਚ ਬ੍ਰਿਟਿਸ਼ ਕੋਲੰਬੀਆ ਪ੍ਰਾਂਤ ਵਿਚ ਸਕੂਲ ਅਧਿਆਪਕ ਵਜੋਂ ਬੱਚਿਆਂ ਨੂੰ ਅੰਗਰੇਜ਼ੀ ਸਾਹਿਤ ਪੜ੍ਹਾਉਣ ਲੱਗਾ। ਉਸ ਨੇ 2003 ਤਕ ਅਧਿਆਪਨ ਕਾਰਜ ਕਰਦਿਆਂ ਇਕ ਕੁਸ਼ਲ ਅਧਿਆਪਕ ਵਜੋਂ ਮਕਬੂਲੀਅਤ ਹਾਸਿਲ ਕੀਤੀ। ਉਹ ਅਧਿਆਪਕ ਯੂਨੀਅਨ ਵਿਚ ਵੀ ਸਰਗਰਮ ਰਿਹਾ ਅਤੇ ਯੂਨੀਅਨ ਦੇ ਕਈ ਸਨਮਾਨ ਯੋਗ ਅਹੁਦਿਆਂ ਉਪਰ ਜ਼ਿੰਮੇਵਾਰੀ ਨਿਭਾਈ। ਜੁਲਾਈ 2003 ਵਿਚ ਉਹ ਰਿਟਾਇਰ ਹੋ ਗਿਆ ਅਤੇ ਕੁੱਲ-ਵਕਤੀ ਲੇਖਕ ਵਜੋਂ ਸਿਰਜਣਾਤਮਕ ਕਾਰਜ ਨੂੰ ਹੀ ਸਮਰਪਿਤ ਹੋ ਗਿਆ।

ਇਸ ਸਾਰੇ ਕਾਲ ਪਾਸਾਰ ਵਿਚ ਉਹ ਸਾਹਿਤ ਸਿਰਜਣ ਵਿਚ ਨਿਰੰਤਰ ਸਰਗਰਮ ਰਿਹਾ। ਉਸ ਨੇ ਬਹੁਤ ਸਾਰੀਆਂ ਸਾਹਿਤ ਵਿਧਾਵਾਂ ਵਿਚ ਬਹੁਤ ਸਾਰਾ ਮਿਆਰੀ ਸਾਹਿਤ ਰਚਿਆ। ਉਸ ਦੀਆਂ ਰਚਨਾਵਾਂ ਦੀ ਮੁਕੰਮਲ ਸੂਚੀ ਅਨੇਕਾਂ ਪੰਨਿਆਂ ਦੀ ਮੰਗ ਕਰਦੀ ਹੈ ਅਤੇ ਉਸ ਦੀਆਂ ਸਮੁੱਚੀਆਂ ਰਚਨਾਵਾਂ ਦੀ ਜਾਣ ਪਛਾਣ ਹਿਤ ਪੂਰੀ ਇਕ ਕਿਤਾਬ ਲਿਖੀ ਜਾ ਸਕਦੀ ਹੈ। ਅਸੀਂ ਸਿਰਫ ਉਸ ਦੀਆਂ ਪ੍ਰਮੁੱਖ ਕਾਵਿ ਪੁਸਤਕਾਂ ਦੇ ਨਾਵਾਂ ਉੱਪਰ ਹੀ ਝਾਤ ਮਾਰਦੇ ਹਾਂ : ਦਿਲ ਦਰਿਆ ਸਮੁੰਦਰੋਂ ਡੂੰਘੇ, ਬੁੱਕਲ ਦੇ ਵਿਚ ਚੋਰ, ਬਿੰਦੂ, ਮੌਨ ਹਾਦਸੇ, ਦਿਲ ਟ੍ਰਾਂਸਪਲਾਂਟ ਤੋਂ ਬਾਅਦ, ਸ਼ਹਿਰ ਜੰਗਲੀ ਹੈ, ਜਲ ਭਰਮ-ਜਲ, ਚਿੱਟੇ ਕਾਲੇ



ਧੱਬੇ, ਸੀਮਾ ਆਕਾਸ਼, ਸ਼ੀਸ਼ੇ ’ਤੇ ਦਸਤਕ, ਆਪਣੇ ਖ਼ਿਲਾਫ਼, ਸੂਰਜ ਤੇਰਾ ਮੇਰਾ, ਗੰਢਾਂ, ਸ਼ਬਦੋਂ ਪਾਰ, ਪੱਤਰ ਤੇ ਦਰਿਆ, ਛਾਵਾਂ ਤੇ ਪਰਛਾਵੇਂ, ਬਾਜ਼ ਦੀ ਨਜ਼ਰ, ਸ਼ਬਦਾਂ ਦੇ ਚਿਹਰੇ, ਨਿਹੋਂਦ ਦਾ ਗੀਤ। ਉਸ ਦੀਆਂ ਕਈ ਕਿਤਾਬਾਂ ਵੱਖ ਵੱਖ ਯੂਨੀਵਰਸਿਟੀਆਂ ਦੇ ਪੋਸਟ ਗ੍ਰੈਜੂਏਟ ਕੋਰਸਾਂ ਵਿਚ ਪੜ੍ਹਾਈਆਂ ਜਾਂਦੀਆਂ ਹਨ। ਉਸ ਦੇ ਸਾਹਿਤ ਉੱਪਰ ਪੀ.ਐਚ.ਡੀ. ਅਤੇ ਐਮ.ਫਿਲ ਪੱਧਰ ਦਾ ਬਹੁਤ ਸਾਰਾ ਖੋਜ ਕਾਰਜ ਹੋ ਚੁੱਕਾ ਹੈ। ਅਨੇਕਾਂ ਸਰਕਾਰੀ ਅਤੇ ਗੈਰ ਸਰਕਾਰੀ ਸੰਸਥਾਵਾਂ ਵੱਲੋਂ ਉਸ ਨੂੰ ਸਨਮਾਨਿਤ ਕੀਤਾ ਜਾ ਚੁੱਕਾ ਹੈ। ਅੱਜਕਲ੍ਹ ਉਹ Kulum Street, Terrace, B.C., Canada ਵਿਖੇ ਰਹਿ ਰਿਹਾ ਹੈ ਅਤੇ ਸਾਹਿਤ ਸਾਧਨਾ ਵਿਚ ਲੀਨ ਹੈ। ਉਸ ਦੀ ਵਿਲੱਖਣਤਾ ਇਹ ਹੈ ਕਿ ਉਹ ਸਿਰਫ ਆਪਣੇ ਕਿਤਾਬੀ ਪਾਠਕਾਂ ਨਾਲ ਹੀ ਨਹੀਂ, ਸਗੋਂ ਆਪਣੇ ਸੋਸ਼ਲ ਮੀਡੀਆ ਦੇ ਪਾਠਕਾਂ ਅਤੇ ਪ੍ਰਸੰਸਕਾਂ ਨਾਲ ਵੀ ਜੁੜਿਆ ਹੋਇਆ ਹੈ। ਪੇਸ਼ ਹਨ ਅਜ਼ੀਮ ਸ਼ਾਇਰ ਰਵਿੰਦਰ ਰਵੀ ਦੀਆਂ ਕੁਝ ਕਵਿਤਾਵਾਂ :

## 1. ਬਾਜ਼ ਦੀ ਨਜ਼ਰ

ਮੇਰੇ ਨਾਲ ਤੁਰੋਗੇ,
ਤਾਂ ਰੁਕੋਗੇ ਨਹੀਂ !

ਮੈਂ ਖੜ੍ਹਾ ਖੜੋਤਾ ਵੀ
ਸੋਚ ਦੇ ਅਸਗਾਹ ਪੈਂਡਿਆਂ ਤੇ
ਤੁਰਦਾ ਰਿਹਾ ਹਾਂ—ਲਗਾਤਾਰ !

ਡਿੱਗ ਕੇ ਉੱਠਣ ਦਾ ਸੁਫਨਾ ਲੈਂਦਾ ਰਿਹਾ ਹਾਂ !
ਕਲਪਨਾ ਦੇ ਨਾਲ, ਨਾਲ -ਹਮਸਫ਼ਰ-
ਉੱਡਦਾ ਰਿਹਾ ਹਾਂ !

ਟੁੱਟਣ ਚੋਂ ਹੀ, ਜੁੜਨ ਦੀ
ਚੇਤਨਾ ਜਨਮਦੀ ਹੈ,
ਖੜ੍ਹਨ ’ਚੋਂ, ਤੁਰਨ ਦੀ !

ਸ਼ਿਕਾਰ, ਆਕਾਸ਼ ਤੇ ਧਰਤੀ—
ਬਾਜ਼ ਦੀ ਨਜ਼ਰ ਵਿਚ ਹੁੰਦੇ ਹਨ,
ਚੁੰਜ ਤੇ ਪੰਜਿਆਂ ਵਿਚ ਨਹੀਂ !

ਮੇਰੇ ਨਾਲ ਤੁਰੋਗੇ,
ਤਾਂ ਰੁਕੋਗੇ ਨਹੀਂ !!!

## 2. ਇਕ ਨਜ਼ਮ ਦਾ ਸਾਥ

ਉਸ ਕੁੜੀ ਨੂੰ ਕਹੋ,
ਇਕ ਨਜ਼ਮ ਤਕ ਮੇਰੇ ਨਾਲ ਰਹੇ !

ਉਸ ਸਮੇਂ
ਜਦੋਂ ਹਰ ਗੱਲ ਹੀ
ਇਕ ਵਿਸ਼ੇਸ਼ ਘਟਨਾ ਬਣ ਸਕਦੀ ਹੈ,
ਇਕ ਨਜ਼ਮ,
ਉਸ ਦੇ ਆਲਿੰਗਣ 'ਚ ਸੁਲਗਦਾ ਇਕ ਪਲ ਹੈ !

ਸੁਲਗਦਾ ਪਲ ਜੁ :

ਆਦਮ 'ਚੋਂ ਲੰਘਿਆ,
ਧਰਤੀ ਆਬਾਦ ਹੋਈ !

ਸ਼ਿਵ ਜੀ ਦੇ ਕੰਠ 'ਚ ਅਟਕਿਆ,
ਸ਼ਿੰਗਾਰ ਸਿਰਜਣਾ ਦਾ ਪ੍ਰਤੀਕ,
ਉਸ ਪਿਛਲੀ ਚਾਲੂ ਗਤੀ ਬਣਿਆਂ !

ਸਾਰਤਰ 'ਚ ਵਿਚਰਿਆ,
ਸਜਿੰਦ ਫਲਸਫਾ ਬਣਿਆਂ !



ਕਲਪਨਾ 'ਚੋਂ ਲੰਘਿਆ,
ਚੰਨ ਤੇ ਪਹੁੰਚਾ,
ਧਰਤੀ 'ਤੇ,
ਅਰਥਾਂ ਦੇ ਇਕ ਨਵੇਂ ਸੱਚ ਦਾ ਪ੍ਰਕਾਸ਼ ਹੋਇਆ !

ਇਸ ਸਮੇਂ ਜਦੋਂ ਹਰ ਗੱਲ ਹੀ
ਇਕ ਵਿਸ਼ੇਸ਼ ਘਟਨਾ ਬਣਨ ਵਾਲੀ ਹੈ,
ਉਸ ਕੁੜੀ ਨੂੰ ਕਹੋ,
ਇਕ ਨਜ਼ਮ ਤਕ ਮੇਰੇ ਨਾਲ ਰਹੇ !

## 3. ਨਵੀਂ ਸਦੀ ਦੀ ਨਵੀਂ ਤਾਸ਼

'ਆਈ ਫੋਨ', 'ਆਈ ਪੈਡ' ਤੇ 'ਲੈਪ ਟੌਪ' ਨਾਲ ਜੁੜੇ
ਏਸ ਸਦੀ ਦੀ,
ਨਵੀਂ ਪੀੜ੍ਹੀ ਦੇ ਨਵੇਂ ਲੋਕ—
ਇਕ ਤੋਂ ਇਕ ਤਕ ਪਹੁੰਚਦੇ
ਵਿਸ਼ਵ ਹੋ ਗਏ ਹਨ।
ਸਾਈਬਰਸਪੇਸ ਵਿਚ ਦੌੜਦੇ ਹੋਏ ਵੀ
ਆਪਣੇ ਅੰਦਰ ਖਲੋ ਗਏ ਹਨ।

ਅੰਦਰ ਵਸਦੇ ਧੀ, ਪੁੱਤਰ
ਮਾਂ, ਬਾਪ ਨਾਲੋਂ ਟੁੱਟ ਗਏ ਹਨ।
ਪਤੀ, ਪਤਨੀ, ਪਿਤਾ ਤੇ ਮਾਂ ਬਣਨ ਤੋਂ ਪਹਿਲਾਂ ਹੀ
ਰਿਸ਼ਤਿਆਂ ਦੀ ਖ਼ਲਾਅ ਵਿਚ,
ਰੁਕ ਗਏ ਹਨ।

ਖਪਤ-ਕਲਚਰ ਵਿਚ ਮੁੰਡੇ, ਕੁੜੀਆਂ
ਖਪਤ-ਵਸਤਾਂ ਵਾਂਗ
ਇਕ ਦੂਜੇ ਨੂੰ ਭੋਗਦੇ ਹਨ।

ਸੰਭੋਗ ਇਹਨਾਂ ਅੰਦਰ
ਟੱਬਰ ਦੀ ਚੇਤਨਾ ਨਹੀਂ ਜਗਾਉਂਦਾ।
ਸਭ ਦਰਵਾਜ਼ੇ ਖੋਲ੍ਹ ਕੇ
ਇਕ ਦੂਜੇ ਵਿਚ
ਜੜ੍ਹਾਂ ਫੜਨ ਦੀ
ਚੇਟਕ ਨਹੀਂ ਲਗਾਉਂਦਾ
ਪੂਰਨ ਮਾਨਵ ਨਹੀਂ ਬਣਾਉਂਦਾ।

ਸਿਖਰ-ਸੰਤੋਖ ਤੋਂ ਬਾਅਦ
ਤਾਸ਼ ਵੀ ਬਦਲ ਜਾਂਦੀ ਹੈ
ਤੇ ਖਿਡਾਰੀ ਵੀ !!!!
ਤਾਸ਼ ਤੇ ਜਿਸਮ ਦੀ ਇਸ ਖੇਡ ਵਿਚ
ਰਿਸ਼ਤੇ ਅਲੋਪ ਹੋ ਗਏ ਹਨ।

ਏਸ ਸਦੀ ਵਿਚ
ਨਵੀਂ ਸਦੀ ਦੇ ਨਵੇਂ ਲੋਕ
ਵਿਸ਼ਵ ਹੋ ਗਏ ਹਨ !!!!!
ਆਪਣੇ ਅੰਦਰ ਖਲੋ ਗਏ ਹਨ !!!!!

## 4. ਬੁੱਢਾ ਆਸਮਾਨ

ਮਿੱਟੀ ਦਾ ਬਾਜ਼ ਬਣਾ ਕੇ
ਉਸ ਨੂੰ
ਸੱਚੀਂ ਦੇ ਖੰਭ ਲਾ ਦਿੱਤੇ ਹਨ।

ਸ਼ੀਸ਼ੇ 'ਚੋਂ ਆਸਮਾਨ ਝਾਕਦਾ ਹੈ,
ਬਾਜ਼ ਦੀ ਅੱਖ ਨਹੀਂ ਫਰਕਦੀ !!!
ਇੱਕ-ਟੱਕ, ਪੱਥਰ ਜਿਹੀ
ਆਪਣੇ ਆਪ ਨੂੰ ਹੀ ਘੂਰਦੀ !!!



ਬੁਢਾਪਾ ਵੀ
ਮਿੱਟੀ ਦਾ ਖਿਡੌਣਾ ਹੈ,
ਖੰਭਾਂ ਵਾਲਾ,
ਆਪਣੇ ਆਪ ਦੇ ਨਾਲ ਖੇਡਦਾ,
ਮਿੱਟੀ ਵਿਚ ਮਿੱਟੀ ਦੇ
ਸੁਫ਼ਨੇ ਲੈਂਦਾ...
... ਪਰ ...
ਖੰਭਾਂ ਦੇ ਅਰਥ ਤਾਂ
ਉੱਡਣ ਨਾਲ ਹਨ—
ਫਰਕਦੀਆਂ ਅੱਖਾਂ
ਆਸਮਾਨ ਨਾਲ ਹਨ !

ਬੁਢਾਪਾ ਤਾਂ
ਆਪਣੇ ਤੋਂ ਆਪ ਤਕ ਵੇਖਦਾ,
ਆਪਣੇ ਤੋਂ ਆਪ ਤਕ ਘਿਸਰਦਾ, ਤੇ
ਬੁਢਾਪੇ ਦਾ ਆਸਮਾਨ
ਹੌਲੀ ਹੌਲੀ
ਧਰਤੀ ਵਿਚ ਸਮਾ ਜਾਂਦਾ ਹੈ।

## 5. ਸ਼ਬਦੀਂ ਗੰਢ ਪਵੈ ਸੰਸਾਰ

ਸ਼ਬਦਾਂ ਦਾ ਪ੍ਰਕਾਸ਼ ਹਰ ਤਰਫ਼
ਸ਼ਬਦ ਹੀ ਅੰਦਰ, ਸ਼ਬਦ ਹੀ ਬਾਹਰ
ਸ਼ਬਦੋ ਸ਼ਬਦੀ ਤੁਰੇ ਸੱਭਿਅਤਾ
ਸ਼ਬਦ ਦਾ ਨਾ ਕੋਈ ਪਾਰਾਵਾਰ।
ਸ਼ਬਦ ਹੀ ਚਿੰਤਨ, ਸ਼ਬਦ ਵਲਵਲਾ,
ਸ਼ਬਦ ਹੀ ਸ਼ਾਹ ਸਵਾਰ।

ਸ਼ਬਦਾਂ ਦੇ ਵਿਚ ਵਹਿਣ ਸਮੇਂ ਦਾ
ਸ਼ਬਦ ਹੀ ਸਮਿਓਂ ਪਾਰ।

ਸ਼ਬਦਾਂ ਦੇ ਨਾਲ ਉੱਡੀਏ, ਤਰੀਏ
ਸ਼ਬਦ ਹੀ ਡੋਬੇ ਵਿਚ ਮੰਝਧਾਰ।
ਸ਼ਬਦ ਹੀ ਚਾਨਣ, ਸੱਤ-ਰੰਗੀ ਵੀ,
ਸ਼ਬਦ ਹੀ ਨ੍ਹੇਰ - ਦੁਆਰ।

ਸ਼ਬਦ ਹੀ ਸੀਮਾਂ, ਸ਼ਬਦ ਹੀ ਸੀਮਤ
ਸ਼ਬਦ ਵਸੇਂਦਾ ਸੀਮਾ ਪਾਰ।
ਸ਼ਬਦਾਂ ਦੇ ਗਲ ਸ਼ਬਦ ਹੀ ਲੱਗਦੇ
ਸ਼ਬਦਾਂ ਵਿਚ ਹੋਵੇ ਤਕਰਾਰ।
ਸ਼ਬਦ ਹੀ ਹੈ ਸ਼ਬਦਾਂ ਦਾ ਦਾਰੂ
ਸ਼ਬਦਾਂ ਨੂੰ ਸ਼ਬਦਾਂ ਦੀ ਮਾਰ।
ਸ਼ਬਦ ਹੀ ਜਨਣੀ, ਸ਼ਬਦ ਹੀ ਜਨਮਣ,
ਸ਼ਬਦੀਂ ਗੰਢ ਪਵੈ ਸੰਸਾਰ।

---

* ਸੁਖਨ ਜਿਨ੍ਹਾਂ ਦੇ ਪੱਲੇ-7, ਫੇਸਬੁੱਕ ਉੱਤੇ, 24-25 ਮਈ, 2017 ਨੂੰ ਪੋਸਟ ਹੋਇਆ ਸੀ।



# ਅੰਤਿਕਾ



# ਰਵਿੰਦਰ ਰਵੀ ਰਚਿਤ ਕਾਵਿ-ਸੰਗ੍ਰਹਿਆਂ ਦਾ ਵੇਰਵਾ

1. ਦਿਲ ਦਰਿਆ ਸਮੁੰਦਰੋਂ ਡੂੰਘੇ—ਧਨਪਤ ਰਾਏ ਐਂਡ ਸਨਜ਼, ਜਲੰਧਰ—1961
2. ਬੁੱਕਲ ਦੇ ਵਿਚ ਚੋਰ—ਹਿੰਦ ਪਬਲਿਸ਼ਰਜ਼, ਜਲੰਧਰ—1963
3. ਬਿੰਦੂ—ਦੌਲਤ ਰਾਮ ਸਹਿਦੇਵ ਐਂਡ ਸਨਜ਼, ਜਲੰਧਰ—1965
4. ਮੌਨ ਹਾਦਸੇ—ਰਾਜ ਰੂਪ ਪ੍ਰਕਾਸ਼ਨ, ਜਲੰਧਰ—1967
5. ਦਿਲ-ਟ੍ਰਾਂਸਪਲਾਂਟ ਤੋਂ ਬਾਅਦ—ਨਿਊ ਬੁਕ ਕੰਪਨੀ, ਜਲੰਧਰ—1969
6. ਸ਼ਹਿਰ ਜੰਗਲੀ ਹੈ—ਨਿਊ ਬੁਕ ਕੰਪਨੀ, ਜਲੰਧਰ—1970
7. ਮੇਰੇ ਮੌਸਮ ਦੀ ਵਾਰੀ—ਨਿਊ ਬੁਕ ਕੰਪਨੀ, ਜਲੰਧਰ—1972
8. ਜਲ ਭਰਮ-ਜਲ—ਕੇ. ਲਾਲ ਐਂਡ ਕੰਪਨੀ, ਜਲੰਧਰ—1976
9. ਚਿੱਟੇ ਕਾਲੇ ਧੱਬੇ—ਕੇ. ਲਾਲ ਐਂਡ ਕੰਪਨੀ, ਜਲੰਧਰ—1978
10. ਸੀਮਾਂ ਆਕਾਸ਼—ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ—1980
11. ਸ਼ੀਸ਼ੇ ’ਤੇ ਦਸਤਕ—ਨਵਯੁੱਗ ਪਬਲਿਸ਼ਰਜ਼, ਦਿੱਲੀ—1983
12. ਆਪਣੇ ਖ਼ਿਲਾਫ਼—ਨਵਯੁੱਗ ਪਬਲਿਸ਼ਰਜ਼, ਦਿੱਲੀ—1986
13. ਸੂਰਜ ਤੇਰਾ ਮੇਰਾ—ਨੈਸ਼ਨਲ ਬੁਕ ਸ਼ਾਪ, ਦਿੱਲੀ—1989
14. ਗੰਢਾਂ—ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ—1993
15. ਸ਼ਬਦੋਂ ਪਾਰ—ਨੈਸ਼ਨਲ ਬੁਕ ਸ਼ਾਪ, ਦਿੱਲੀ—1999
16. ਪੱਤਰ ਤੇ ਦਰਿਆ—ਨੈਸ਼ਨਲ ਬੁਕ ਸ਼ਾਪ, ਦਿੱਲੀ—2003
17. ਛਾਵਾਂ ਤੇ ਪਰਛਾਵੇਂ—ਨੈਸ਼ਨਲ ਬੁਕ ਸ਼ਾਪ, ਦਿੱਲੀ—2007
18. ਬਾਜ਼ ਦੀ ਨਜ਼ਰ—ਨੈਸ਼ਨਲ ਬੁਕ ਸ਼ਾਪ, ਦਿੱਲੀ—2010
19. ਨਵੀਂ ਸਦੀ ਦੀ ਨਵੀਂ ਨਸਲ—ਨੈਸ਼ਨਲ ਬੁਕ ਸ਼ਾਪ, ਦਿੱਲੀ—2013
20. ਸ਼ਬਦਾਂ ਦੇ ਚਿਹਰੇ—ਨੈਸ਼ਨਲ ਬੁਕ ਸ਼ਾਪ, ਦਿੱਲੀ—2014
21. ਨਿਹੋਂਦ ਦਾ ਗੀਤ—ਨੈਸ਼ਨਲ ਬੁਕ ਸ਼ਾਪ, ਦਿੱਲੀ—2015
22. ਫੇਸਬੁੱਕ ਕਵਿਤਾ—ਨੈਸ਼ਨਲ ਬੁਕ ਸ਼ਾਪ, ਦਿੱਲੀ—2018

**ਕਵਿਤਾ ਦੇ ਸਮੁੱਚੇ ਸੰਗ੍ਰਹਿ (Collected works)**

1. ਅਕੱਥ ਕਥਾ (1955 ਤੋਂ 1966, ਭਾਰਤ)
   —ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ—1988
   ਦੂਜਾ ਐਡੀਸ਼ਨ, ਨੈਸ਼ਨਲ ਬੁਕ ਸ਼ਾਪ, ਦਿੱਲੀ—2005

2. ਵਣ ਵਾਣੀ (1967 ਤੋਂ 1974, ਕੀਨੀਆ)
—ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ—1988
ਦੂਜਾ ਐਡੀਸ਼ਨ, ਨੈਸ਼ਨਲ ਬੁਕ ਸ਼ਾਪ, ਦਿੱਲੀ—2005

3. ਪਿਆਸਾ ਬੱਦਲ (1974 ਤੋਂ 1986 ਕੈਨੇਡਾ)
—ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ—1990
ਦੂਜਾ ਐਡੀਸ਼ਨ, ਨੈਸ਼ਨਲ ਬੁਕ ਸ਼ਾਪ, ਦਿੱਲੀ—2005

4. ਸ਼ਬਦ ਸਾਗਰ (1986 ਤੋਂ 2003 ਕੈਨੇਡਾ)
—ਨੈਸ਼ਨਲ ਬੁਕ ਸ਼ਾਪ, ਦਿੱਲੀ—2004

5. ਪਿੰਡ ਬ੍ਰਹਮੰਡ (2003 ਤੋਂ 2014 ਕੈਨੇਡਾ)
—ਨੈਸ਼ਨਲ ਬੁਕ ਸ਼ਾਪ, ਦਿੱਲੀ—2015

**ਅੰਗਰੇਜ਼ੀ ਵਿਚ**

Restless Soul—Indo-Candian Publishers,
Surrey, B.C. Canada-1978
Second Edition—National Book Shop, Delhi-2008

**ਹਿੰਦੀ ਵਿਚ**

1. ਸੂਰਯ ਕਾ ਤਕੀਆ—ਪ੍ਰਤੀਕ ਪਬਲੀਕੇਸ਼ਨਜ਼, ਲੁਧਿਆਣਾ—1998
ਦੂਜਾ ਐਡੀਸ਼ਨ—ਨੈਸ਼ਨਲ ਬੁਕ ਸ਼ਾਪ, ਦਿੱਲੀ—2009

**ਪਾਕਿਸਤਾਨ ਵਿਚ**

1. ਗੰਢਾਂ (ਗੁਰਮੁਖੀ ਤੇ ਸ਼ਾਹਮੁਖੀ ਲਿੱਪੀ ਵਿਚ)
—ਅਦਾਰਾ ਪੰਜਾਬੀ ਜ਼ਬਾਨ ਤੇ ਸਕਾਫ਼ਤ, ਬਿਲਾਲ ਗੰਜ, ਲਾਹੌਰ—1999

2. ਸ਼ਬਦੋਂ ਪਾਰ (ਗੁਰਮੁਖੀ ਤੇ ਸ਼ਾਹਮੁਖੀ ਲਿੱਪੀ ਵਿਚ)
—ਅਦਾਰਾ ਪੰਜਾਬੀ ਜ਼ਬਾਨ ਤੇ ਸਕਾਫ਼ਤ, ਬਿਲਾਲ ਗੰਜ, ਲਾਹੌਰ—1999

3. ਹੀਰਿਆਂ ਦਾ ਚੋਗ—ਚੋਣਵੀਂ ਕਵਿਤਾ ਦਾ ਸੰਗ੍ਰਹਿ—1974-1989—(ਸ਼ਾਹਮੁਖੀ ਲਿੱਪੀ ਵਿਚ)
—ਅਦਾਰਾ ਪੰਜਾਬੀ ਜ਼ਬਾਨ ਤੇ ਸਕਾਫ਼ਤ, ਬਿਲਾਲ ਗੰਜ, ਲਾਹੌਰ—2002

4. ਪੱਤਰ ਤੇ ਦਰਿਆ (ਸ਼ਾਹਮੁਖੀ ਲਿੱਪੀ ਵਿਚ)
—ਅਦਾਰਾ ਪੰਜਾਬੀ ਜ਼ਬਾਨ ਤੇ ਸਕਾਫ਼ਤ, ਬਿਲਾਲ ਗੰਜ, ਲਾਹੌਰ—2005

5. ਸ਼ਬਦਾਂ ਦੇ ਚਿਹਰੇ (ਸ਼ਾਹਮੁਖੀ ਲਿੱਪੀ ਵਿਚ)
—ਪ੍ਰਕਾਸ਼ਕ : ਗੁਲਸ਼ਨ-ਏ-ਅਦਬ ਪਬਲੀਕੇਸ਼ਨਜ਼, ਲਾਹੌਰ, ਪਾਕਿਸਤਾਨ-2016



6. ਨਿਹੋਂਦ ਦਾ ਗੀਤ (ਸ਼ਾਹਮੁਖੀ ਲਿੱਪੀ ਵਿਚ)
—ਪ੍ਰਕਾਸ਼ਕ : ਗੁਲਸ਼ਨ-ਏ-ਅਦਬ ਪਬਲੀਕੇਸ਼ਨਜ਼, ਲਾਹੌਰ, ਪਾਕਿਸਤਾਨ-2016

7. ਨਵੀਂ ਸਦੀ ਦੀ ਨਵੀਂ ਨਸਲ (ਸ਼ਾਹਮੁਖੀ ਲਿੱਪੀ ਵਿਚ)
—ਪ੍ਰਕਾਸ਼ਕ : ਗੁਲਸ਼ਨ-ਏ-ਅਦਬ ਪਬਲੀਕੇਸ਼ਨਜ਼, ਲਾਹੌਰ, ਪਾਕਿਸਤਾਨ-2017

## ਰਵਿੰਦਰ ਰਵੀ ਰਚਿਤ ਕਾਵਿ-ਨਾਟਕਾਂ ਦਾ ਵੇਰਵਾ

1. "ਬੀਮਾਰ ਸਦੀ"—ਮੁਹਿੰਦਰ ਪਾਲ ਪਬਲਿਸ਼ਰਜ਼, ਜਲੰਧਰ—1974
2. "ਦਰ ਦੀਵਾਰਾਂ"—ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ—1981
3. "ਅੱਧੀ ਰਾਤ ਦੁਪਹਿਰ"—ਨਵਯੁੱਗ ਪਬਲਿਸ਼ਰਜ਼, ਦਿੱਲੀ—1983
4. "ਚੌਕ ਨਾਟਕ"—ਨਵਯੁੱਗ ਪਬਲਿਸ਼ਰਜ਼, ਦਿੱਲੀ—1984
   (ਦੂਜਾ ਐਡੀਸ਼ਨ)—ਚੇਤਨਾ ਪ੍ਰਕਾਸ਼ਨ, ਲੁਧਿਆਣਾ—2002
5. "ਰੂਹ ਪੰਜਾਬ ਦੀ"—ਦੀਪਕ ਪਬਲਿਸ਼ਰਜ਼, ਜਲੰਧਰ—1984
   (ਦੂਜਾ ਐਡੀਸ਼ਨ)—ਚੇਤਨਾ ਪ੍ਰਕਾਸ਼ਨ, ਲੁਧਿਆਣਾ—2002
6. "ਸਿਫ਼ਰ ਨਾਟਕ"—ਰਵੀ ਸਹਿਤ ਪ੍ਰਕਾਸ਼ਨ, ਅੰਮ੍ਰਿਤਸਰ—1987
   (ਦੂਜਾ ਐਡੀਸ਼ਨ)—ਚੇਤਨਾ ਪ੍ਰਕਾਸ਼ਨ, ਲੁਧਿਆਣਾ—2002
7. "ਤਿੰਨ ਨਾਟਕ"—ਨੈਸ਼ਨਲ ਬੁਕ ਸ਼ਾਪ, ਦਿੱਲੀ—1990
   (ਦੂਜਾ ਐਡੀਸ਼ਨ)—ਚੇਤਨਾ ਪ੍ਰਕਾਸ਼ਨ, ਲੁਧਿਆਣਾ—2002
8. "ਮਨ ਦੇ ਹਾਣੀ"—ਨੈਸ਼ਨਲ ਬੁਕ ਸ਼ਾਪ, ਦਿੱਲੀ—2005
9. "ਮਖੌਟੇ ਤੇ ਹਾਦਸੇ"—ਨੈਸ਼ਨਲ ਬੁਕ ਸ਼ਾਪ, ਦਿੱਲੀ—2009
10. "ਚੱਕ੍ਰਵਯੂਹ ਤੇ ਪਿਰਾਮਿਡ"—ਨੈਸ਼ਨਲ ਬੁਕ ਸ਼ਾਪ, ਦਿੱਲੀ—2010
11. "ਆਪੋ ਆਪਣੇ ਦਰਿਆ"—ਨੈਸ਼ਨਲ ਬੁਕ ਸ਼ਾਪ, ਦਿੱਲੀ—2015
12. "ਹੋਂਦ ਨਿਹੋਂਦ"—ਨੈਸ਼ਨਲ ਬੁਕ ਸ਼ਾਪ, ਦਿੱਲੀ—2016
13. "ਪਰਤੱਖ ਤੋਂ ਅਗਾਂਹ" (ਦੋ ਕਾਵਿ-ਨਾਟਕ : "ਭਰਮ-ਜਲ" ਅਤੇ "ਸਿਆਸੀ ਦੰਦ-ਕਥਾ")
    —ਨੈਸ਼ਨਲ ਬੁਕ ਸ਼ਾਪ, ਦਿੱਲੀ—2017

### ਥੀਮਕੀ ਤਿੱਕੜੀ (Thematic Trilogy)

1. "ਸੂਰਜ ਨਾਟਕ" (ਬੀਮਾਰ ਸਦੀ, ਦਰ ਦੀਵਾਰਾਂ ਤੇ ਅੱਧੀ ਰਾਤ ਦੁਪਹਿਰ)
   —ਨਵਯੁੱਗ ਪਬਲਿਸ਼ਰਜ਼, ਦਿੱਲੀ—1985
   (ਦੂਜਾ ਐਡੀਸ਼ਨ)—ਚੇਤਨਾ ਪ੍ਰਕਾਸ਼ਨ, ਲੁਧਿਆਣਾ—2002
   **ਨਾਟਕ ਤੇ ਰੰਗਮੰਚ :** ਦੋ ਨਾਟਕ ਤੇ ਰੰਗਮੰਚ
   —ਨੈਸ਼ਨਲ ਬੁਕ ਸ਼ਾਪ, ਦਿੱਲੀ—2014



### ਕਾਵਿ-ਨਾਟਕਾਂ ਦੇ ਸਮੁੱਚੇ ਸੰਗ੍ਰਹਿ

1. "ਮੰਚ ਨਾਟਕ" (1974-90)—ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ—1993
2. "ਮੇਰੇ ਕਾਵਿ-ਨਾਟਕ-1" : ਸੈਂਚੀ ਪਹਿਲੀ (1974-1983)
   —ਨੈਸ਼ਨਲ ਬੁਕ ਸ਼ਾਪ, ਦਿੱਲੀ—2007
3. "ਮੇਰੇ ਕਾਵਿ-ਨਾਟਕ-2" : ਸੈਂਚੀ ਦੂਜੀ (1984-1987)
   —ਨੈਸ਼ਨਲ ਬੁਕ ਸ਼ਾਪ, ਦਿੱਲੀ—2007
4. "ਮੇਰੇ ਕਾਵਿ-ਨਾਟਕ-3" : ਸੈਂਚੀ ਤੀਜੀ (1990-2005)
   —ਨੈਸ਼ਨਲ ਬੁਕ ਸ਼ਾਪ, ਦਿੱਲੀ—2007
5. "ਮੇਰੇ ਕਾਵਿ-ਨਾਟਕ-4" : ਸੈਂਚੀ ਚੌਥੀ (2008-2010)
   —ਨੈਸ਼ਨਲ ਬੁਕ ਸ਼ਾਪ, ਦਿੱਲੀ—2013

### ਪਾਕਿਸਤਾਨ ਵਿਚ ਸ਼ਾਹਮੁਖੀ ਲਿੱਪੀ ਵਿਚ ਕਾਵਿ-ਨਾਟਕਾਂ ਦਾ ਸਮੁੱਚਾ ਸੰਗ੍ਰਹਿ :

1. "ਮੰਚ ਨਾਟਕ" (1974-1990)
   —ਅਦਾਰਾ ਪੰਜਾਬੀ ਜ਼ਬਾਨ ਤੇ ਸ਼ਕਾਫ਼ਤ, ਲਾਹੌਰ, 2001

### ਪਾਕਿਸਤਾਨ ਵਿਚ ਸ਼ਾਹਮੁਖੀ ਲਿੱਪੀ ਵਿਚ ਕਾਵਿ-ਨਾਟਕ

1. "ਮਨ ਦੇ ਹਾਣੀ"
   —ਅਦਾਰਾ ਪੰਜਾਬੀ ਜ਼ਬਾਨ ਤੇ ਸ਼ਕਾਫ਼ਤ, ਲਾਹੌਰ, 2005

# ਰਵਿੰਦਰ ਰਵੀ ਰਚਿਤ ਕਹਾਣੀ-ਸੰਗ੍ਰਹਿਆਂ ਦਾ ਵੇਰਵਾ

| | ਕਹਾਣੀ-ਸੰਗ੍ਰਹਿ | ਪ੍ਰਕਾਸ਼ਕ | ਪੰਨੇ |
|---|---|---|---|
| 1. | ਚਰਾਵੀ | ਦੌਲਤ ਰਾਮ ਸਹਿਦੇਵ ਐਂਡ ਸਨਜ਼, ਜਲੰਧਰ | 115 |
| | | ਤਿੰਨ ਰੁਪਏ—1963 | |
| | | ਦੂਜਾ ਐਡੀਸ਼ਨ—ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2010 | |
| 2. | ਜੁਰਮ ਦੇ ਪਾਤਰ | ਨਿਊ ਬੁਕ ਕੰਪਨੀ, ਜਲੰਧਰ | 155 |
| | | ਪੰਜ ਰੁਪਏ—1968 | |
| | | ਦੂਜਾ ਐਡੀਸ਼ਨ—ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2010 | |
| 3. | ਸ਼ਹਿਰ ਵਿਚ ਜੰਗਲ | ਰਾਜ ਰੂਪ ਪ੍ਰਕਾਸ਼ਨ, ਜਲੰਧਰ | 120 |
| | | ਪੰਜ ਰੁਪਏ—1969 | |
| | | ਦੂਜਾ ਐਡੀਸ਼ਨ—ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2010 | |
| 4. | ਕੌਨ ਪ੍ਰਤੀਕੌਨ | ਹਜ਼ੂਰੀਆ ਪਬਲਿਸ਼ਰਜ਼ ਕੰਪਨੀ, ਜਲੰਧਰ | 83 |
| | | 5.75 ਰੁਪਏ—1971 | |
| | | ਦੂਜਾ ਐਡੀਸ਼ਨ—ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2010 | |
| 5. | ਮੈਲੀ ਪੁਸਤਕ | ਮੁਹਿੰਦਰਪਾਲ ਪਬਲਿਸ਼ਿੰਗ, ਜਲੰਧਰ | 96 |
| | | ਅੱਠ ਰੁਪਏ—1973 | |
| | | ਦੂਜਾ ਐਡੀਸ਼ਨ—ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2010 | |
| 6. | ਜਿੱਥੇ ਦੀਵਾਰਾਂ ਨਹੀਂ | ਕੇ. ਲਾਲ. ਐਂਡ ਕੰਪਨੀ, ਜਲੰਧਰ | 139 |
| | | ਵੀਹ ਰੁਪਏ—1978 | |
| | | ਦੂਜਾ ਐਡੀਸ਼ਨ—ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2010 | |
| 7. | ਕੰਪਿਊਟਰ ਕਲਚਰ | ਨਵਯੁਗ ਪਬਲਿਸ਼ਰਜ਼, ਦਿੱਲੀ-6 | 128 |
| | | ਪੈਂਤੀ ਰੁਪਏ—1985 | |
| | | ਦੂਜਾ ਐਡੀਸ਼ਨ—ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2010 | |
| 8. | ਆਪਣੇ ਆਪਣੇ ਟਾਪੂ | ਨੈਸ਼ਨਲ ਬੁਕ ਸ਼ਾਪ, ਦਿੱਲੀ-6 | 120 |
| | | ਸੱਠ ਰੁਪਏ—1992 | |
| | | ਦੂਜਾ ਐਡੀਸ਼ਨ—ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2010 | |
| 9. | ਗੋਰੀਆਂ ਸ਼ਹੀਦੀਆਂ | ਨੈਸ਼ਨਲ ਬੁਕ ਸ਼ਾਪ, ਦਿੱਲੀ-6 | 160 |
| | | 225 ਰੁਪਏ—2010 | |

## ਸਮੁੱਚੇ ਕਹਾਣੀ-ਸੰਗ੍ਰਹਿ

| | | | |
|---|---|---|---|
| 1. | ਅਘਰਵਾਸੀ | ਨਵਯੁਗ ਪਲਲਿਸ਼ਰਜ਼, ਦਿੱਲੀ-6 | 436 |
| | (1955-1983) | ਅੱਸੀ ਰੁਪਏ—1984 | |
| 2. | ਮੇਰੀ ਕਹਾਣੀ | ਨੈਸ਼ਨਲ ਬੁਕ ਸ਼ਾਪ, ਦਿੱਲੀ-6 | 648 |
| | (1955-2005) | 495 ਰੁਪਏ—2006 | |
| 3. | ਮੇਰੀਆਂ ਸਾਰੀਆਂ ਕਹਾਣੀਆਂ | ਨੈਸ਼ਨਲ ਬੁਕ ਸ਼ਾਪ, ਦਿੱਲੀ-6 | 2017 |
| | (1955-2010) | | |



## ਚੋਣਵੇਂ ਕਹਾਣੀ-ਸੰਗ੍ਰਹਿ

| | | | |
|---|---|---|---|
| 1. | ਸਮੇਂ ਦੇ ਨਾਲ ਨਾਲ | ਨੈਸ਼ਨਲ ਬੁਕ ਸ਼ਾਪ, ਦਿੱਲੀ-6 | 322 |
| | (1955-1989) | 140 ਰੁਪਏ—1989 | |
| 2. | ਖੰਭਾਂ ਵਾਲੇ ਪਿੰਜਰੇ | ਚੇਤਨਾ ਪ੍ਰਕਾਸ਼ਨ ਪੰਜਾਬੀ ਭਵਨ, ਲੁਧਿਆਣਾ | 376 |
| | (1955-2000) | 325 ਰੁਪਏ—2001 | |
| 3. | ਚੋਣਵੀਆਂ ਕਹਾਣੀਆਂ | ਕੁਕਨੁਸ ਪ੍ਰਕਾਸ਼ਨ, ਜਲੰਧਰ | 111 |
| | (ਇਸਤਰੀ-ਮਰਦ ਪ੍ਰਸੰਗ | | |
| | ਵਾਲੀਆਂ ਕਹਾਣੀਆਂ) | 75 ਤੇ 40 ਰੁਪਏ—2002 | |
| 4. | ਚੋਣਵੀਆਂ ਕਹਾਣੀਆਂ-2 | ਕੁਕਨੁਸ ਪ੍ਰਕਾਸ਼ਨ, ਜਲੰਧਰ-2008 | |
| | (ਬ੍ਰਹਮੰਡਕ ਚੇਤਨਾ) | | |

## ਪਾਕਿਸਤਾਨ ਵਿਚ (ਸ਼ਾਹਮੁਖੀ ਲਿੱਪੀ ਵਿਚ)

| | | | |
|---|---|---|---|
| 1. | ਖੰਭਾਂ ਵਾਲੇ ਪਿੰਜਰੇ | ਇਦਾਰਾ ਪੰਜਾਬੀ ਜ਼ਬਾਨ ਤੇ ਸਕਾਫ਼ਤ, ਲਾਹੌਰ | 432 |
| | | 450 ਰੁਪਏ—2000 | |
| 2. | ਵਗਦੇ ਦਰਿਆ | ਗੁਲਸ਼ਨ-ਏ-ਅਦਬ ਪਬਲੀਕੇਸ਼ਨਜ਼, ਲਾਹੌਰ, | |
| | (1967-2010) | ਪਾਕਿਸਤਾਨ, 2018 | |

## ਰਵਿੰਦਰ ਰਵੀ ਦੀਆਂ ਕਹਾਣੀਆਂ ਦੇ ਗਹਿਨ ਅਧਿਅਨ

| | | |
|---|---|---|
| 1. | *ਯੁਕਲਿਪਟਸ ਤੇ ਹੈਮਿੰਗਵੇ—ਨੈਸ਼ਨਲ ਬੁਕ ਸ਼ਾਪ, ਦਿੱਲੀ | 112 |
| | ਲੇਖਕ : ਡਾ. ਦੇਵਿੰਦਰ ਕੌਰ—35 ਰੁਪਏ—1989 | |
| 2. | **ਕਥਾ ਸਨਮੁਖ—ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ | 168 |
| | ਸੰਪਾ: ਰਵਿੰਦਰ ਰਵੀ—140 ਰੁਪਏ—2001 | |
| 3. | ***ਕਥਾ ਸਨਮੁਖ-2—ਨੈਸ਼ਨਲ ਬੁਕ ਸ਼ਾਪ, ਦਿੱਲੀ | 204 |
| | ਸੰਪਾ: ਰਵਿੰਦਰ ਰਵੀ—350 ਰੁਪਏ—2012 | |

---

* "ਅਨ੍ਹੇਰਾ ਯੂਕਲਿਪਟਸ ਤੇ ਅੱਗ" ਅਤੇ "ਇਕ ਹੋਰ ਹੈਮਿੰਗਵੇ" ਕਹਾਣੀਆਂ ਤੇ ਉਨ੍ਹਾਂ ਦੇ ਗਹਿਨ ਅਧਿਅਨ ਇਸ ਪੁਸਤਕ ਵਿਚ ਸ਼ਾਮਿਲ ਹਨ।

** "ਅਨ੍ਹੇਰਾ ਯੂਕਲਿਪਟਸ ਤੇ ਅੱਗ" ਅਤੇ "ਇਕ ਹੋਰ ਹੈਮਿੰਗਵੇ" ਕਹਾਣੀਆਂ ਤੇ ਉਨ੍ਹਾਂ ਉੱਤੇ ਲਿਖੇ ਡਾ. ਦੇਵਿੰਦਰ ਕੌਰ ਦੇ ਗਹਿਨ ਅਧਿਅਨ ਅਤੇ "ਹਮ ਛਿਣ" ਕਹਾਣੀ ਤੇ ਉਸ ਉੱਤੇ ਲਿਖਿਆ ਡਾ. ਹਰਚੰਦ ਸਿੰਘ ਬੇਦੀ ਦਾ ਗਹਿਨ-ਅਧਿਅਨ ਇਸ ਪੁਸਤਕ ਵਿਚ ਸ਼ਾਮਿਲ ਹਨ।

*** "ਕਥਾ ਸਨਮੁਖ-2" ਇਸ ਪੁਸਤਕ ਵਿਚ ਹੇਠ ਲਿਖੀਆਂ ਕਹਾਣੀਆਂ ਦੇ ਗਹਿਨ ਅਧਿਐਨ ਸ਼ਾਮਿਲ ਹਨ :

1. ਅਨ੍ਹੇਰਾ ਯੂਕਲਿਪਟਸ ਤੇ ਅੱਗ -ਡਾ. ਦੇਵਿੰਦਰ ਕੌਰ ਤੇ ਡਾ. ਵਨੀਤਾ
2. ਇਕ ਹੋਰ ਹੈਮਿੰਗਵੇ - ਡਾ. ਦੇਵਿੰਦਰ ਕੌਰ
3. ਹਮ ਛਿਣ -ਡਾ. ਹਰਚੰਦ ਸਿੰਘ ਬੇਦੀ
4. ਸ਼ਾਦੀ ਵੱਲ ਜਾਂਦੀ ਸੜਕ -ਡਾ. ਅਕਵਿੰਦਰ ਕੌਰ ਬਾਹਲ
5. ਕੰਪਿਊਟਰ ਕਲਚਰ -ਮਨਜੀਤ ਮੀਤ (ਕੈਨੇਡਾ)

# ਰਵਿੰਦਰ ਰਵੀ ਰਚਿਤ ਫੁਟਕਲ ਪੁਸਤਕਾਂ ਦਾ ਵੇਰਵਾ

**ਸਫ਼ਰਨਾਮਾ**

| | | | |
|---|---|---|---|
| 1. | ਸਿਮਰਤੀਆਂ ਦੇ ਦੇਸ਼ | ਧਨਪਤ ਰਾਏ ਐਂਡ ਸਨਜ਼, ਜਲੰਧਰ | 1979 |
| | (ਦੂਜਾ ਐਡੀਸ਼ਨ) | ਨੈਸ਼ਨਲ ਬੁਕ ਸ਼ਾਪ, ਦਿੱਲੀ | 2006 |

**ਵਾਰਤਕ : ਸਾਹਿਤਿਕ ਸ੍ਵੈ-ਜੀਵਨੀ**

| | | | |
|---|---|---|---|
| 1. | ਮੇਰੀ ਸਾਹਿਤਿਕ ਸ੍ਵੈ-ਜੀਵਨੀ | ਪੰਜਾਬ ਸਾਹਿਤ ਅਕਾਦਮੀ, ਚੰਡੀਗੜ੍ਹ | 1994 |
| 2. | ਐਟਸੈਟਰਾ-2 (ਰਚਨ-ਪ੍ਰਕ੍ਰਿਆ ਤੇ ਹੋਰ ਲੇਖ) | ਤਰਲੋਚਨ ਪਬਲਿਸ਼ਰਜ਼, ਚੰਡੀਗੜ੍ਹ | 2008 |
| 3. | ਐਟਸੈਟਰਾ-3 (ਮੁਲਾਕਾਤਾਂ) | ਤਰਲੋਚਨ ਪਬਲਿਸ਼ਰਜ਼, ਚੰਡੀਗੜ੍ਹ | 2008 |
| 4. | ਮੇਰਾ ਜੀਵਨ, ਮੇਰਾ ਸਾਹਿਤ (ਸਾਹਿਤਿਕ ਸ੍ਵੈ-ਜੀਵਨੀ) | ਪੰਜਾਬੀ ਯੂਨੀਵਰਸਿਟੀ, ਪਟਿਆਲਾ | 2010 |
| 5. | ਐਟਸੈਟਰਾ-4 (ਮੁਲਾਕਤਾਂ ਤੇ ਫੁਟਕਲ ਲਿਖਤਾਂ) | ਨੈਸ਼ਨਲ ਬੁਕ ਸ਼ਾਪ, ਦਿੱਲੀ | 2012 |

**ਸਾਹਿਤ ਸਮੀਖਿਆ ਤੇ ਸੰਕਲਨ**

| | | | |
|---|---|---|---|
| 1. | ਪ੍ਰਯੋਗਸ਼ੀਲ ਕਾਵਿ-ਦਰਪਨ | ਹਜ਼ੂਰੀਆ ਪਬਲਿਸ਼ਰਜ਼, ਜਲੰਧਰ | 1964 |
| | (ਦੂਜਾ ਐਡੀਸ਼ਨ) | ਨੈਸ਼ਨਲ ਬੁਕ ਸ਼ਾਪ, ਦਿੱਲੀ | 2007 |
| 2. | ਮੇਰਾ ਕਾਵਿ-ਨਾਟ ਲੋਕ | ਨੈਸ਼ਨਲ ਬੁਕ ਸ਼ਾਪ, ਦਿੱਲੀ | 1990 |
| | (ਦੂਜਾ ਐਡੀਸ਼ਨ) | ਤਰਲੋਚਨ ਪਬਲਿਸ਼ਰਜ਼, ਚੰਡੀਗੜ੍ਹ | 2008 |
| 3. | ਐਟਸੈਟਰਾ-1 (ਖੋਜ-ਪੱਤਰ ਤੇ ਆਲੋਚਨਾ) | ਤਰਲੋਚਨ ਪਬਲਿਸ਼ਰਜ਼, ਚੰਡੀਗੜ੍ਹ | 2008 |
| 4. | ਮੇਰਾ ਥੀਏਟਰ ਤੇ ਇੱਕੀਵੀਂ ਸਦੀ | ਨੈਸ਼ਨਲ ਬੁਕ ਸ਼ਾਪ, ਦਿੱਲੀ | 2012 |
| 5. | ਮੇਰਾ ਕਾਵਿ-ਨਾਟਕੀ ਰੰਗਮੰਚ : ਇਤਿਹਾਸਿਕ, ਸਿਧਾਂਤਕ ਤੇ ਤਕਨੀਕੀ ਪਰਿਪੇਖ | ਨੈਸ਼ਨਲ ਬੁਕ ਸ਼ਾਪ, ਦਿੱਲੀ | 2018 |

**ਸੰਪਾਦਨ (ਪੰਜਾਬੀ ਤੇ ਅੰਗਰੇਜ਼ੀ ਵਿਚ)**

| | | | |
|---|---|---|---|
| 1. | ਵਿਸ਼ਵ ਪੰਜਾਬੀ ਸਾਹਿਤ | ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ | 1981 |
| 2. | ਕਵਿਤਾ ਸਨਮੁਖ | ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ | 1994 |
| | (ਦੂਜਾ ਐਡੀਸ਼ਨ) | ਨੈਸ਼ਨਲ ਬੁਕ ਸ਼ਾਪ, ਦਿੱਲੀ | 2007 |
| 3. | ਕਥਾ ਸਨਮੁਖ | ਚੇਤਨਾ ਪ੍ਰਕਾਸ਼ਨ, ਲੁਧਿਆਣਾ | 2001 |
| 4. | ਕਥਾ ਸਨਮੁਖ-2 | ਨੈਸ਼ਨਲ ਬੁਕ ਸ਼ਾਪ, ਦਿੱਲੀ | 2012 |
| 5. | ਪਰਵਾਸੀ ਪੱਤਰਕਾਰ ਤਾਰਾ ਸਿੰਘ ਹੇਅਰ (ਅਭਿਨੰਦਨ ਗ੍ਰੰਥ) | ਨਵਯੁੱਗ ਪਬਲਿਸ਼ਰਜ਼, ਦਿੱਲੀ | 1992 |
| 6. | Wind Song (Poetry) | ਇੰਡੋ-ਕਨੇਡੀਅਨ ਪਬਲੀਕੇਸ਼ਨਜ਼, ਸਰੀ, ਬੀ.ਸੀ., ਕੈਨੇਡਾ | 1978 |
| 7. | Wind Song-2 (Poetry) | ਇੰਡੋ-ਕਨੇਡੀਅਨ ਪਬਲੀਕੇਸ਼ਨਜ਼, ਸਰੀ, ਬੀ.ਸੀ., ਕੈਨੇਡਾ | 1984 |

**ਅੰਗਰੇਜ਼ੀ ਵਿਚ ਚੋਣਵੀਂ ਕਵਿਤਾ-ਹੋਰ ਕਵੀਆਂ ਨਾਲ ਸਾਂਝੀ**

| | | | |
|---|---|---|---|
| 1. | The Rebel Sound | Dave Book Centre, Nairobi, Kenya | 1968 |
| 2. | The Voices of Dissent | Seema Parkashan, Jalandhar India | 1972 |
| 3. | Indian Poetry Today (Volume One) | Indian Council for Cultural Relations, New Delhi | 1974 |
| 4. | Green Snow | Vesta Publications, Cornwall, Ontario, Canada | 1976 |
| 5. | Hundred Indian Poets | Oxford + IBH Publishing Company, India. | 1977 |

**ਰਵਿੰਦਰ ਰਵੀ ਦੀ ਸਵੈ-ਜੀਵਨੀ 7 ਵੀਡੀਓ-ਭਾਗਾਂ ਵਿਚ**

ਰਵਿੰਦਰ ਰਵੀ ਦੀ ਸਵੈ-ਜੀਵਨੀ, 7 ਵੀਡੀਓ-ਭਾਗਾਂ ਵਿਚ, ਵੇਖਣ/ਸੁਨਣ ਲਈ, ਹੇਠ ਲਿਖੇ ਵੈਬਸਾਈਟ ਉੱਤੇ ਜਾ ਕੇ, **Autobiography** ਭਾਗ ਵਿਚ ਪ੍ਰਾਪਤ ਕਰੋ : **www.ravinder-ravi.com**

# ਰਵਿੰਦਰ ਰਵੀ ਦੇ ਸਾਹਿਤ ਉੱਤੇ ਪ੍ਰਾਪਤ ਆਲੋਚਨਾਤਮਕ ਪੁਸਤਕਾਂ

1. ਯੂਕਲਿਪਟਸ ਤੇ ਹੈਮਿੰਗਵੇ: (ਦੋ ਕਹਾਣੀਆਂ ਦੇ ਪੜ੍ਹਤ-ਅਧਿਅਨ)
   ਲੇਖਿਕਾ : ਡਾ. ਦੇਵਿੰਦਰ ਕੌਰ
   ਪ੍ਰਕਾਸ਼ਕ : ਨੈਸ਼ਨਲ ਬੁਕ ਸ਼ਾਪ, ਦਿੱਲੀ—1989

2. ਮੇਰਾ ਕਾਵਿ-ਨਾਟ ਲੋਕ
   ਸੰਪਾਦਕ : ਰਵਿੰਦਰ ਰਵੀ
   ਪ੍ਰਕਾਸ਼ਕ : ਨੈਸ਼ਨਲ ਬੁਕ ਸ਼ਾਪ, ਦਿੱਲੀ—1990
   ਦੂਜਾ ਐਡੀਸ਼ਨ : ਤ੍ਰਿਲੋਚਨ ਪਬਲਿਸ਼ਰਜ਼, ਚੰਡੀਗੜ੍ਹ—2008

3. ਕਵਿਤਾ ਸਨਮੁਖ : 25 ਕੁ ਕਵਿਤਾਵਾਂ ਦੇ ਪੜ੍ਹਤ-ਅਧਿਅਨ
   ਸੰਪਾਦਕ : ਰਵਿੰਦਰ ਰਵੀ
   ਪ੍ਰਕਾਸ਼ਕ : ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ—1994
   ਦੂਜਾ ਐਡੀਸ਼ਨ : ਨੈਸ਼ਨਲ ਬੁਕ ਸ਼ਾਪ, ਦਿੱਲੀ—2008

4. ਰਵਿੰਦਰ ਰਵੀ ਦਾ ਰਚਨਾ ਸੰਸਾਰ
   ਲੇਖਕ : ਪ੍ਰੋ. ਬ੍ਰਹਮ ਜਗਦੀਸ਼ ਸਿੰਘ
   ਪ੍ਰਕਾਸ਼ਕ : ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ—1999

5. ਕਥਾ ਸਨਮੁਖ : ਤਿੰਨ ਕਹਾਣੀਆਂ ਦੇ ਪੜ੍ਹਤ-ਅਧਿਅਨ
   ਸੰਪਾਦਕ : ਰਵਿੰਦਰ ਰਵੀ
   ਪ੍ਰਕਾਸ਼ਕ : ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ—2001

6. ਰਵਿੰਦਰ ਰਵੀ ਦੀ ਕਵਿਤਾ ਵਿਚ ਮਾਨਵੀ ਰਿਸ਼ਤੇ
   ਲੇਖਿਕਾ : ਡਾ. ਸੁਖਵਿੰਦਰ ਕੌਰ ਮੱਲ੍ਹੀ
   ਪ੍ਰਕਾਸ਼ਕ : ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ—2002

7. ਨਾਟਕਕਾਰ ਰਵਿੰਦਰ ਰਵੀ
   ਸੰਪਾਦਕ : ਡਾ. ਗੁਰੂਮੇਲ
   ਪ੍ਰਕਾਸ਼ਕ : ਨੈਸ਼ਨਲ ਬੁਕ ਸ਼ਾਪ, ਦਿੱਲੀ—2003

8. ਕਥਾਕਾਰ ਰਵਿੰਦਰ ਰਵੀ
   ਸੰਪਾਦਕ : ਡਾ. ਗੁਰੂਮੇਲ
   ਪ੍ਰਕਾਸ਼ਕ : ਨੈਸ਼ਨਲ ਬੁਕ ਸ਼ਾਪ, ਦਿੱਲੀ—2004



9. ਰਵਿੰਦਰ ਰਵੀ ਦੀ ਕਹਾਣੀ-ਕਲਾ
   ਲੇਖਿਕਾ : ਦਲਜਿੰਦਰ ਕੌਰ
   ਪ੍ਰਕਾਸ਼ਕ : ਨੈਸ਼ਨਲ ਬੁਕ ਸ਼ਾਪ, ਦਿੱਲੀ—2006

10. ਰਵਿੰਦਰ ਰਵੀ ਦਾ ਨਾਟ-ਚਿੰਤਨ
    ਲੇਖਕ : ਡਾ. ਸਤਨਾਮ ਸਿੰਘ ਜੱਸਲ
    ਪ੍ਰਕਾਸ਼ਕ : ਨੈਸ਼ਨਲ ਬੁਕ ਸ਼ਾਪ, ਦਿੱਲੀ—2007

11. ਕਵੀ ਰਵਿੰਦਰ ਰਵੀ
    ਸੰਪਾਦਕ : ਮਨਜੀਤ ਮੀਤ
    ਪ੍ਰਕਾਸ਼ਕ : ਨੈਸ਼ਨਲ ਬੁਕ ਸ਼ਾਪ, ਦਿੱਲੀ—2008

12. ਰਵਿੰਦਰ ਰਵੀ ਦੀ ਕਹਾਣੀ : ਸੱਭਿਆਚਾਰਕ ਪਰਿਪੇਖ
    ਲੇਖਕ : ਡਾ. ਗੁਰਜੰਟ ਸਿੰਘ
    ਪ੍ਰਕਾਸ਼ਕ : ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ—2009

13. ਰਵਿੰਦਰ ਰਵੀ ਦੇ ਕਾਵਿ-ਨਾਟਕਾਂ ਦਾ ਸੰਰਚਨਾਤਮਕ ਅਧਿਐਨ
    ਲੇਖਕ : ਮੁਨੀਸ਼ ਕੁਮਾਰ
    ਪ੍ਰਕਾਸ਼ਕ : ਨੈਸ਼ਨਲ ਬੁਕ ਸ਼ਾਪ, ਦਿੱਲੀ—2011

14. ਮੇਰਾ ਥੀਏਟਰ ਤੇ ਇੱਕੀਵੀਂ ਸਦੀ
    ਸੰਪਾਦਕ : ਰਵਿੰਦਰ ਰਵੀ
    ਪ੍ਰਕਾਸ਼ਕ : ਨੈਸ਼ਨਲ ਬੁਕ ਸ਼ਾਪ, ਦਿਲੀ—2012

15. ਰਵਿੰਦਰ ਰਵੀ ਦਾ ਸਫ਼ਰਨਾਮਾ ਸਿਮਰਤੀਆਂ ਦੇ ਦੇਸ਼ : ਪਾਠ-ਕੇਂਦਰਿਤ ਅਧਿਐਨ
    ਲੇਖਿਕਾ : ਮਨਮੀਤ ਕੌਰ
    ਪ੍ਰਕਾਸ਼ਕ : ਨੈਸ਼ਨਲ ਬੁਕ ਸ਼ਾਪ, ਦਿੱਲੀ—2012

16. ਕਥਾ ਸਨਮੁਖ-2 ਪੰਜ ਕਹਾਣੀਆਂ ਦੇ ਪੜ੍ਹਤ-ਅਧਿਐਨ
    ਸੰਪਾਦਕ : ਰਵਿੰਦਰ ਰਵੀ
    ਪ੍ਰਕਾਸ਼ਕ : ਨੈਸ਼ਨਲ ਬੁਕ ਸ਼ਾਪ, ਦਿੱਲੀ—2012

17. ਰਵਿੰਦਰ ਰਵੀ ਦੇ ਕਾਵਿ-ਨਾਟਕਾਂ ਦਾ "ਥੀਮ ਵਿਗਿਆਨਕ" ਵਿਸ਼ਲੇਸ਼ਣ
    ਲੇਖਿਕਾ : ਡਾ. ਰਵਿੰਦਰ ਕੌਰ ਬੇਦੀ
    ਪ੍ਰਕਾਸ਼ਕ : ਨੈਸ਼ਨਲ ਬੁਕ ਸ਼ਾਪ, ਦਿੱਲੀ—2014

18. ਰਵਿੰਦਰ ਰਵੀ ਦਾ ਸਾਹਿਤ-ਸੰਸਾਰ : ਸੰਵੇਦਨਾ ਤੇ ਸੁਹਜ-ਸੰਚਾਰ
ਲੇਖਿਕਾ : ਡਾ. ਕਿਰਨਦੀਪ ਕੌਰ
ਪ੍ਰਕਾਸ਼ਕ : ਨੈਸ਼ਨਲ ਬੁਕ ਸ਼ਾਪ, ਦਿੱਲੀ—2014

19. ਰਵਿੰਦਰ ਰਵੀ ਕਾਵਿ : ਸੱਭਿਆਚਾਰਕ ਤਣਾਓ-ਪਰਵਾਸੀ ਸੰਦਰਭ
ਲੇਖਿਕਾ : ਸਰਬਜੀਤ ਕੌਰ
ਪ੍ਰਕਾਸ਼ਕ : ਨੈਸ਼ਨਲ ਬੁਕ ਸ਼ਾਪ, ਦਿੱਲੀ—2015

20. ਰਵਿੰਦਰ ਰਵੀ ਦਾ ਕਾਵਿ-ਸ਼ਾਸਤਰੀ ਚਿੰਤਨ
ਲੇਖਕ : ਡਾ. ਨਾਨਕ ਸਿੰਘ
ਪ੍ਰਕਾਸ਼ਕ : ਨੈਸ਼ਨਲ ਬੁਕ ਸ਼ਾਪ, ਦਿੱਲੀ—2017

21. ਮੇਰਾ ਕਾਵਿ-ਨਾਟਕੀ ਰੰਗਮੰਚ : ਇਤਿਹਾਸਕ, ਸਿਧਾਂਤਕ ਤੇ ਤਕਨੀਕੀ ਪਰਿਪੇਖ
ਲੇਖਕ : ਰਵਿੰਦਰ ਰਵੀ
ਪ੍ਰਕਾਸ਼ਕ : ਨੈਸ਼ਨਲ ਬੁਕ ਸ਼ਾਪ, ਦਿੱਲੀ—2018

---

**ਨੋਟ** : 60 ਪੁਸਤਕਾਂ—ਰਵਿੰਦਰ ਰਵੀ ਦੀਆਂ ਜਾਂ ਉਸ ਉੱਤੇ ਪਿਛਲੇ 29 ਸਾਲਾਂ (1987-2016) ਵਿਚ ਨੈਸ਼ਨਲ ਬੁਕ ਸ਼ਾਪ, ਦਿੱਲੀ ਨੇ ਪ੍ਰਕਾਸ਼ਤ ਕੀਤੀਆਂ।



## ਰਵਿੰਦਰ ਰਵੀ ਦੇ ਸਾਹਿਤ ਉੱਤੇ ਪੀ. ਐਚ. ਡੀ. ਪੱਧਰ ਦਾ ਖੋਜ-ਕਾਰਜ

### ਪੂਰਾ ਹੋ ਚੁੱਕਾ ਖੋਜ-ਕਾਰਜ

1. ਖੋਜਾਰਥੀ : ਸੁਖਵਿੰਦਰ ਕੌਰ ਮੱਲ੍ਹੀ
ਨਿਗਰਾਨ : ਡਾ. ਹਰਚੰਦ ਸਿੰਘ ਬੇਦੀ
ਵਿਸ਼ਾ : ਰਵਿੰਦਰ ਰਵੀ ਦੀ ਕਾਵਿ-ਰਚਨਾ ਵਿਚ ਮਾਨਵੀ ਰਿਸ਼ਤਿਆਂ ਦੇ ਵਿਭਿੰਨ ਪਾਸਾਰ
ਯੂਨੀਵਰਸਿਟੀ : ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ਭਾਰਤ
ਇਹ ਖੋਜ-ਕਾਰਜ 2002 ਵਿਚ ਪੂਰਾ ਹੋਇਆ

2. ਖੋਜਾਰਥੀ : ਗੁਰਜੰਟ ਸਿੰਘ
ਨਿਗਰਾਨ : ਡਾ. ਸ. ਪ. ਸਿੰਘ
ਵਿਸ਼ਾ : ਰਵਿੰਦਰ ਰਵੀ ਦੀਆਂ ਕਹਾਣੀਆਂ ਦਾ ਸੱਭਿਆਚਾਰਕ ਅਧਿਅਨ
ਯੂਨੀਵਰਸਿਟੀ : ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ਭਾਰਤ
ਇਹ ਖੋਜ-ਕਾਰਜ, 2005 ਵਿਚ ਪੂਰਾ ਹੋਇਆ

3. ਖੋਜਾਰਥੀ : ਰਵਿੰਦਰ ਕੌਰ ਬੇਦੀ
ਨਿਗਰਾਨ : ਡਾ. ਮਨਜੀਤ ਸਿੰਘ
ਵਿਸ਼ਾ : ਰਵਿੰਦਰ ਰਵੀ ਦੇ ਕਾਵਿ-ਨਾਟਕਾਂ ਦਾ ਥੀਮ-ਵਿਗਿਆਨਕ ਵਿਸ਼ਲੇਸ਼ਣ
ਯੂਨੀਵਰਸਿਟੀ : ਦਿੱਲੀ ਯੂਨੀਵਰਸਿਟੀ, ਦਿੱਲੀ, ਭਾਰਤ
ਇਹ ਖੋਜ-ਕਾਰਜ, 2008-2009 ਵਿਚ ਪੂਰਾ ਹੋਇਆ

4. ਖੋਜਾਰਥੀ : ਕਿਰਨਦੀਪ ਕੌਰ
ਨਿਗਰਾਨ : ਡਾ. ਗੁਰਮੁਖ ਸਿੰਘ
ਵਿਸ਼ਾ : ਰਵਿੰਦਰ ਰਵੀ ਦਾ ਰਚਨਾ ਸੰਸਾਰ : ਸੰਵੇਦਨਾ ਤੇ ਸੁਹਜ-ਸੰਚਾਰ
ਯੂਨੀਵਰਸਿਟੀ : ਪੰਜਾਬੀ ਯੂਨੀਵਰਸਿਟੀ, ਪਟਿਆਲਾ, ਭਾਰਤ
ਇਹ ਖੋਜ-ਕਾਰਜ, 2013 ਵਿਚ ਪੂਰਾ ਹੋਇਆ

5. ਖੋਜਾਰਥੀ : ਨਾਨਕ ਸਿੰਘ
ਨਿਗਰਾਨ : ਡਾ. ਸੁਖਦੇਵ ਸਿੰਘ
ਵਿਸ਼ਾ : ਰਵਿੰਦਰ ਰਵੀ ਦਾ ਕਾਵਿ-ਸ਼ਾਸਤਰੀ ਚਿੰਤਨ
ਯੂਨੀਵਰਸਿਟੀ : ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, ਭਾਰਤ
ਇਹ ਖੋਜ-ਕਾਰਜ, 2016 ਵਿਚ ਪੂਰਾ ਹੋਇਆ

## ਇਸ ਸਮੇਂ ਹੋ ਰਿਹਾ ਖੋਜ-ਕਾਰਜ

1. ਖੋਜਾਰਥੀ : ਸੁਰਿੰਦਰ ਕੰਬੋਜ
   ਨਿਗਰਾਨ : ਡਾ. ਕਿਰਨਦੀਪ ਸਿੰਘ
   ਵਿਸ਼ਾ : ਵਿਸ਼ਵੀਕਰਨ ਦੇ ਸੰਦਰਭ ਵਿਚ ਰਵਿੰਦਰ ਰਵੀ ਦੇ ਕਾਵਿ-ਨਾਟਕਾਂ ਦਾ ਅਧਿਐਨ
   ਯੂਨੀਵਰਸਿਟੀ : ਲਵਲੀ ਪਰੋਫੈਸ਼ਨਲ ਯੂਨੀਵਰਸਿਟੀ, ਫਗਵਾੜਾ, ਪੰਜਾਬ, ਭਾਰਤ

2. ਖੋਜਾਰਥੀ : ਸਰਬਜੀਤ ਕੌਰ
   ਨਿਗਰਾਨ : ਡਾ. ਅਵਤਾਰ ਸਿੰਘ
   ਵਿਸ਼ਾ : ਰਵਿੰਦਰ ਰਵੀ ਕਾਵਿ ਵਿੱਚ ਅਸਤਿਤਵਵਾਦ
   ਯੂਨੀਵਰਸਿਟੀ : ਲਵਲੀ ਪਰੋਫ਼ੈਸ਼ਨਲ ਯੂਨੀਵਰਸਿਟੀ, ਫਗਵਾੜਾ, ਪੰਜਾਬ, ਭਾਰਤ

3. ਖੋਜਾਰਥੀ : ਕਰਮਜੀਤ ਕੌਰ
   ਨਿਗਰਾਨ : ਡਾ. ਸਤੀਸ਼ ਕੁਮਾਰ ਵਰਮਾ
   ਵਿਸ਼ਾ : ਰਵਿੰਦਰ ਰਵੀ ਦੇ ਨਾਟਕਾਂ ਦਾ ਰੰਗਮੰਚਕੀ ਅਧਿਅਨ
   ਯੂਨੀਵਰਸਿਟੀ : ਪੰਜਾਬੀ ਯੂਨੀਵਰਸਿਟੀ, ਪਟਿਆਲਾ, ਭਾਰਤ

4. ਖੋਜਾਰਥੀ : ਮੁਕੇਸ਼ ਲਤਾ
   ਨਿਗਰਾਨ : ਡਾ. ਹਰਦਿਲਜੀਤ ਗੋਸਲ
   ਵਿਸ਼ਾ : ਆਧੁਨਿਕਤਾ ਦੇ ਸੰਦਰਭ ਵਿਚ ਰਵਿੰਦਰ ਰਵੀ ਦੀਆਂ ਕਹਾਣੀਆਂ ਦਾ ਅਧਿਐਨ
   ਯੂਨੀਵਰਸਿਟੀ : ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, ਭਾਰਤ

5. ਖੋਜਾਰਥੀ : ਦੇਵਿੰਦਰ ਸਿੰਘ
   ਨਿਗਰਾਨ : ਡਾ. ਸਤਿਨਾਮ ਸਿੰਘ ਜੱਸਲ
   ਵਿਸ਼ਾ : ਰਵਿੰਦਰ ਰਵੀ ਦੇ ਕਾਵਿ-ਨਾਟਕਾਂ ਦਾ ਅੰਤਰ-ਸੱਭਿਆਚਾਰਕ ਅਧਿਅਨ
   ਯੂਨੀਵਰਸਿਟੀ : ਪੰਜਾਬੀ ਯੂਨੀਵਰਸਿਟੀ, ਪਟਿਆਲਾ, ਭਾਰਤ



# ਰਵਿੰਦਰ ਰਵੀ ਦੇ ਸਾਹਿਤ ਉੱਤੇ ਐਮ. ਫਿਲ. ਪੱਧਰ ਦਾ ਖੋਜ-ਕਾਰਜ

## ਪੂਰਾ ਹੋ ਚੁੱਕਾ ਖੋਜ-ਕਾਰਜ

1. ਖੋਜਾਰਥੀ : ਅਰਿੰਦਰ ਸਿੰਘ
   ਨਿਗਰਾਨ : ਡਾ. ਸੁਰਿੰਦਰਪਾਲ ਸਿੰਘ
   ਵਿਸ਼ਾ : ਰਵਿੰਦਰ ਰਵੀ ਦੀਆਂ ਕਹਾਣੀਆਂ ਵਿਚ ਪਰਵਾਸੀ ਚੇਤਨਾ
   ਯੂਨੀਵਰਸਿਟੀ : ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ਭਾਰਤ
   —ਇਹ ਖੋਜ-ਕਾਰਜ 1985-86 ਵਿਚ ਪੂਰਾ ਹੋਇਆ।

2. ਖੋਜਾਰਥੀ : ਮਨਜੀਤ ਕੌਰ
   ਨਿਗਰਾਨ : ਡਾ. ਕੁਲਦੀਪ ਸਿੰਘ ਧੀਰ
   ਵਿਸ਼ਾ : ਰਵਿੰਦਰ ਰਵੀ ਦੇ ਕਾਵਿ-ਨਾਟਕਾਂ ਦਾ ਆਲੋਚਨਾਤਮਕ ਅਧਿਅਨ
   ਯੂਨੀਵਰਸਿਟੀ : ਪੰਜਾਬੀ ਯੂਨੀਵਰਸਿਟੀ, ਪਟਿਆਲਾ, ਭਾਰਤ
   —ਇਹ ਖੋਜ-ਕਾਰਜ 1987-88 ਵਿਚ ਪੂਰਾ ਹੋਇਆ।

3. ਖੋਜਾਰਥੀ : ਜਸਪਾਲ ਕੌਰ
   ਨਿਗਰਾਨ : ਡਾ. ਸੁਤਿੰਦਰ ਸਿੰਘ ਨੂਰ
   ਵਿਸ਼ਾ : ਰਵਿੰਦਰ ਰਵੀ ਦੇ "ਪਿਆਸਾ ਬੱਦਲ" ਦਾ ਕਾਵਿ-ਅਧਿਅਨ
   ਯੂਨੀਵਰਸਿਟੀ : ਦਿੱਲੀ ਯੂਨੀਵਰਸਿਟੀ, ਦਿੱਲੀ, ਭਾਰਤ
   —ਇਹ ਖੋਜ-ਕਾਰਜ 1991-92 ਵਿਚ ਪੂਰਾ ਹੋਇਆ।

4. ਖੋਜਾਰਥੀ : ਦਲਜਿੰਦਰ ਕੌਰ
   ਨਿਗਰਾਨ : ਡਾ. ਕੁਲਦੀਪ ਸਿੰਘ ਧੀਰ
   ਵਿਸ਼ਾ : ਰਵਿੰਦਰ ਰਵੀ ਦੀ ਕਹਾਣੀ-ਕਲਾ
   ਯੂਨੀਵਰਸਿਟੀ : ਪੰਜਾਬੀ ਯੂਨੀਵਰਸਿਟੀ, ਪਟਿਆਲਾ, ਭਾਰਤ
   —ਇਹ ਖੋਜ-ਕਾਰਜ 2003-2004 ਵਿਚ ਪੂਰਾ ਹੋਇਆ।

5. ਖੋਜਾਰਥੀ : ਮੁਨੀਸ਼ ਕੁਮਾਰ
   ਨਿਗਰਾਨ : ਡਾ. ਗੁਰਚਰਨ ਸਿੰਘ ਅਰਸ਼ੀ
   ਵਿਸ਼ਾ : ਰਵਿੰਦਰ ਰਵੀ ਦੇ "ਸੂਰਜ ਨਾਟਕ" ਦਾ ਸੰਰਚਨਾਤਮਕ ਅਧਿਅਨ
   ਯੂਨੀਵਰਸਿਟੀ : ਦਿੱਲੀ ਯੂਨੀਵਰਸਿਟੀ, ਦਿੱਲੀ, ਭਾਰਤ
   —ਇਹ ਖੋਜ-ਕਾਰਜ 2006 ਵਿਚ ਪੂਰਾ ਹੋਇਆ।

6. ਖੋਜਾਰਥੀ : ਸੁਰਿੰਦਰ ਕੁਮਾਰ
ਨਿਗਰਾਨ : ਡਾ. ਰਘਬੀਰ ਕੌਰ
ਵਿਸ਼ਾ : ਵਿਸ਼ਵੀਕਰਨ ਦੇ ਸੰਦਰਭ 'ਚ ਰਵਿੰਦਰ ਰਵੀ ਦੇ ਕਾਵਿ-ਨਾਟਕ "ਅੱਧੀ ਰਾਤ ਦੁਪਹਿਰ " ਤੇ "ਸਿਫ਼ਰ ਨਾਟਕ" ਦਾ ਅਧਿਐਨ
ਯੂਨੀਵਰਸਿਟੀ : ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ਭਾਰਤ
—ਇਹ ਖੋਜ-ਕਾਰਜ 2007-2008 ਵਿਚ ਪੂਰਾ ਹੋਇਆ।

7. ਖੋਜਾਰਥੀ : ਮਨਮੀਤ ਕੌਰ
ਨਿਗਰਾਨ : ਡਾ. ਮਨਜੀਤ ਸਿੰਘ
ਵਿਸ਼ਾ : ਰਵਿੰਦਰ ਰਵੀ ਦਾ ਸਫ਼ਰਨਾਮਾ, "ਸਿਮਰਤੀਆਂ ਦੇ ਦੇਸ਼ : ਪਾਠ-ਕੇਂਦਰਿਤ ਅਧਿਐਨ"
ਯੂਨੀਵਰਸਿਟੀ : ਦਿੱਲੀ ਯੂਨੀਵਰਸਿਟੀ, ਦਿੱਲੀ
—ਇਹ ਖੋਜ-ਕਾਰਜ 2009-10 ਸੈਸ਼ਨ ਵਿਚ ਪੂਰਾ ਹੋਇਆ।

8. ਖੋਜਾਰਥੀ : ਸਰਬਜੀਤ ਕੌਰ
ਨਿਗਰਾਨ : ਡਾ. ਅਵਤਾਰ ਸਿੰਘ
ਵਿਸ਼ਾ : ਪਰਵਾਸੀ ਪੰਜਾਬੀ ਕਵਿਤਾ ਵਿਚ ਸੱਭਿਆਚਾਰਕ ਤਣਾਉ (ਰਵਿੰਦਰ ਰਵੀ-ਕਾਵਿ ਦੇ ਸੰਦਰਭ ਵਿਚ)
ਯੂਨੀਵਰਸਿਟੀ : ਲਵਲੀ ਪ੍ਰੋਫ਼ੈਸ਼ਨਲ ਯੂਨੀਵਰਸਿਟੀ, ਫਗਵਾੜਾ, ਪੰਜਾਬ
—ਇਹ ਖੋਜ-ਕਾਰਜ 2015 ਵਿਚ ਪੂਰਾ ਹੋਇਆ।

**ਐਮ. ਏ. (ਪੰਜਾਬੀ) ਭਾਗ ਦੂਜਾ ਦੇ ਚੌਥੇ ਪਰਚੇ ਲਈ ਪੂਰਾ ਹੋਇਆ ਖੋਜ-ਕਾਰਜ**

1. ਖੋਜਾਰਥੀ : ਪਰਮਦੀਪ ਭੁੱਲਰ
ਨਿਗਰਾਨ : ਪ੍ਰੋ. ਕੇਵਲ ਸਿੰਘ ਥਿੰਦ
ਵਿਸ਼ਾ : ਰਵਿੰਦਰ ਰਵੀ ਦਾ ਕਾਵਿ-ਨਾਟਕ : "ਬੀਮਾਰ ਸਦੀ"-ਇਕ ਅਧਿਅਨ
ਯੂਨੀਵਰਸਿਟੀ : ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ਭਾਰਤ
—ਇਹ ਖੋਜ-ਕਾਰਜ 1974-75 ਵਿਚ ਪੂਰਾ ਹੋਇਆ।



# ਰਵਿੰਦਰ ਰਵੀ ਨੂੰ ਮਿਲੇ ਪੁਰਸਕਾਰਾਂ ਦਾ ਵੇਰਵਾ

| | ਪੁਰਸਕਾਰ | ਵਲੋਂ (ਇਦਾਰਾ) | ਸਾਲ |
|---|---|---|---|
| 1. | ਸਾਲ 1965 ਦੀ ਸਰਬੋਤਮ ਕਾਵਿ-ਪੁਸਤਕ "ਬਿੰਦੂ" ਪੁਰਸਕਾਰ | ਪੰਜਾਬੀ ਸਾਹਿਤ ਸਮੀਖਿਆ ਬੋਰਡ, ਜਲੰਧਰ, ਪੰਜਾਬ, ਭਾਰਤ | 1965 |
| 2. | ਸਾਲ 1965 ਦੀ ਸਰਬੋਤਮ ਕਾਵਿ-ਪੁਸਤਕ "ਬਿੰਦੂ" ਪੁਰਸਕਾਰ | ਪੰਜਾਬੀ ਦਰਬਾਰ, ਪੰਜਾਬ, ਭਾਰਤ | 1965 |
| 3. | ਪਿਛਲੇ ਪੰਦਰਾਂ ਸਾਲਾਂ ਵਿਚ ਨਵੀਆਂ ਲੀਹਾਂ ਪਾਉਣ ਵਾਲੀ ਸਰਬੋਤਮ ਨਾਟ-ਪੁਸਤਕ "ਬੀਮਾਰ ਸਦੀ" ਪੁਰਸਕਾਰ | ਪੰਜਾਬੀ ਲਿਟਰੇਰੀ ਫ਼ੋਰਮ, ਚੰਡੀਗੜ੍ਹ, ਭਾਰਤ | 1975 |
| 4. | ਸਾਲ 1974 ਦੀ ਸਰਬੋਤਮ ਕਾਵਿ-ਨਾਟ ਪੁਸਤਕ "ਬੀਮਾਰ ਸਦੀ" ਪੁਰਸਕਾਰ | ਪੰਜਾਬੀ ਦਰਬਾਰ, ਪੰਜਾਬ, ਭਾਰਤ | 1976 |
| 5. | ਸਾਲ 1979 ਦੀ ਸਰਬੋਤਮ ਗੱਦ-ਪੁਸਤਕ "ਸਿਮਰਤੀਆਂ ਦੇ ਦੇਸ਼" ਪੁਰਸਕਾਰ | ਪੰਜਾਬੀ ਸਾਹਿਤ ਸਮੀਖਿਆ ਬੋਰਡ, ਜਲੰਧਰ, ਪੰਜਾਬ, ਭਾਰਤ | 1979 |
| 6. | ਸ਼੍ਰੋਮਣੀ ਸਾਹਿਤਕਾਰ ਪੁਰਸਕਾਰ (ਬਦੇਸ਼ੀ) | ਭਾਸ਼ਾ ਵਿਭਾਗ, ਪੰਜਾਬ, ਭਾਰਤ | 1980 |
| 7. | ਸ਼੍ਰੋਮਣੀ ਸਾਹਿਤਕਾਰ ਪੁਰਸਕਾਰ | ਪੰਜਾਬ ਆਰਟਸ ਕੌਂਸਲ, ਚੰਡੀਗੜ੍ਹ, ਭਾਰਤ | 1980 |
| 8. | ਈਸ਼ਵਰ ਚੰਦਰ ਨੰਦਾ ਪੁਰਸਕਾਰ 'ਅੱਧੀ ਰਾਤ ਦੁਪਹਿਰ' ਕਾਵਿ-ਨਾਟਕ ਵਾਸਤੇ | ਭਾਸ਼ਾ ਵਿਭਾਗ, ਪੰਜਾਬ, ਭਾਰਤ | 1983 |
| 9. | ਪ੍ਰੋਫ਼ੈਸਰ ਮੋਹਨ ਸਿੰਘ ਪੁਰਸਕਾਰ | ਪੰਜ ਦਰਿਆ ਪੰਜਾਬੀ ਅਕਾਦਮੀ, ਟਰਾਂਟੋ, ਕੈਨੇਡਾ | 1989 |
| 10. | ਕਰਤਾਰ ਸਿੰਘ ਧਾਲੀਵਾਲ ਪੁਰਸਕਾਰ | ਪੰਜਾਬੀ ਅਕਾਦਮੀ, ਲੁਧਿਆਣਾ, ਭਾਰਤ | 1992 |
| 11. | ਸਾਈਂ ਬੁੱਲ੍ਹੇ ਸ਼ਾਹ ਪੁਰਸਕਾਰ | ਏਸ਼ੀਅਨ ਰਾਈਟਰਜ਼ ਐਸੋਸੀਏਸ਼ਨ, ਡੈਨਮਾਰਕ | 1993 |
| 12. | ਸ਼੍ਰੋਮਣੀ ਸਾਹਿਤਕਾਰ ਪੁਰਸਕਾਰ | ਪੰਜਾਬੀ ਸਾਹਿਤ ਸਭਾ, ਕੈਲੇਫ਼ੋਰਨੀਆਂ, ਅਮਰੀਕਾ | 1994 |

| | | | |
|---|---|---|---|
| 13. | ਬਾਵਾ ਬਲਵੰਤ ਪੁਰਸਕਾਰ | ਸਾਹਿਤ ਵਿਚਾਰ ਕੇਂਦਰ (ਰਜਿ.),<br>ਅੰਮ੍ਰਿਤਸਰ, ਪੰਜਾਬ, ਭਾਰਤ | 1994 |
| 14. | ਪੋਇਟ ਆਫ਼ ਦ ਯੀਅਰ ਅਵਾਰਡ<br>Poet of the Year Award | Alumni of The World<br>University, Cornwall, Canada | 1996 |
| 15. | Man of the Peace Award | ਅਦੀਬ ਇੰਟਰਨੈਸ਼ਨਲ,<br>(ਸਾਹਿਰ ਕਲਚਰਲ ਅਕਾਦਮੀ),<br>ਲੁਧਿਆਣਾ, ਭਾਰਤ | 1997 |
| 16. | ਪ੍ਰੋ. ਪੂਰਨ ਸਿੰਘ<br>ਦਹਿਸਦੀ (Millenium) ਪੁਰਸਕਾਰ | ਪੰਜਾਬੀ ਯੂਨੀਵਰਸਿਟੀ,<br>ਪਟਿਆਲਾ, ਭਾਰਤ | 2000 |
| 17. | ਮਹਾਰਾਜਾ ਰਣਜੀਤ ਸਿੰਘ<br>ਯਾਦਗਾਰੀ ਪੁਰਸਕਾਰ | ਪੰਜਾਬੀ ਯੂਨੀਵਰਸਿਟੀ,<br>ਪਟਿਆਲਾ, ਭਾਰਤ | 2001 |
| 18. | ਸਮੁੱਚੀ ਸਾਹਿਤ-ਸੇਵਾ ਪੁਰਸਕਾਰ | ਇੰਡੋ-ਕਨੇਡੀਅਨ ਕਲਚਰਲ ਐਸੋਸੀਏਸ਼ਨ,<br>ਸਰੀ, ਬੀ.ਸੀ. ਕੈਨੇਡਾ | 2005 |
| 19. | ਜੀਵਨ-ਕਾਲ ਪ੍ਰਾਪਤੀ ਪੁਰਸਕਾਰ<br>Life-Time Achievement Award | ਇਦਾਰਾ ਪੰਜਾਬੀ ਜ਼ਬਾਨ ਤੇ ਸਕਾਫ਼ਤ,<br>ਲਾਹੌਰ, ਪਾਕਿਸਤਾਨ | 2006 |
| 20. | ਤਮਗ਼ਾ-ਏ-ਹੁਸਨ-ਏ-ਕਾਰਕਰਦਗੀ<br>Pride of Performance Award | World Institute of Punjabi<br>Literature and Heritage,<br>Lahore, Pakistan | 2006 |
| 21. | ਸੋਨ ਤਮਗ਼ਾ (Gold Medal)<br>ਕਾਵਿ-ਨਾਟਕਾਂ ਵਾਸਤੇ | ਐਸੋਸੀਏਸ਼ਨ ਆਫ ਰਾਈਟਰਜ਼ ਐਂਡ<br>ਆਰਟਿਸਟਸ, ਲਾਹੌਰ, ਪਾਕਿਸਤਾਨ | 2006 |
| 22. | ਸੌ ਸਾਲਾ ਵਰ੍ਹੇ ਗੰਢ ਦਿਵਸ<br>ਯਾਦਗਾਰੀ "ਵਿਲੱਖਣ ਪ੍ਰਾਪਤੀ ਪੁਰਸਕਾਰ" | ਖਾਲਸਾ ਦੀਵਾਨ ਸੋਸਾਇਟੀ,<br>ਵੈਨਕੂਵਰ, ਬੀ.ਸੀ., ਕੈਨੇਡਾ | 2006 |
| 23. | ਫੈਲੋਸ਼ਿਪ | ਪੰਜਾਬੀ ਅਕਾਦਮੀ,<br>ਲਿਸਟਰ, ਇੰਗਲੈਂਡ | 2007 |
| 24. | ਅੰਮ੍ਰਿਤਾ ਪ੍ਰੀਤਮ ਮੈਮੋਰੀਅਲ<br>ਇੰਟਰਨੈਸ਼ਨਲ ਅਵਾਰਡ<br>ਆਫ਼ ਡਿਸਟਿੰਕਸ਼ਨ | ਸਿਪਸਾ-ਕੈਨੇਡੀਅਨ ਇੰਟਰਨੈਸ਼ਨਲ<br>ਪੰਜਾਬੀ ਸਾਹਿਤ ਅਕਾਦਮੀ,<br>ਟਰਾਂਟੋ, ਕੈਨੇਡਾ | 2007 |



| | | | |
|---|---|---|---|
| 25. | ਸਰਬ ਸ੍ਰੇਸ਼ਟ ਸਾਹਿਤਕਾਰ ਪੁਰਸਕਾਰ | ਪਰਵਾਸੀ ਮੀਡੀਆ ਗਰੁੱਪ,<br>ਟਰਾਂਟੋ, ਕੈਨੇਡਾ | 2008 |
| 26. | Honorary Life Time<br>Membership Awrad | ਨਿਸਗਾ ਟੀਚਰਜ਼ ਯੂਨੀਅਨ,<br>ਨਿਊ ਆਇਐਂਸ਼, ਬੀ.ਸੀ., ਕੈਨੈਡਾ | 2010 |
| 27. | ਨਾਟ ਸ਼੍ਰੋਮਣੀ | ਪੰਜਾਬੀ ਨਾਟ ਅਕਾਦਮੀ,<br>ਲੁਧਿਆਣਾ, ਭਾਰਤ | 2011 |
| 28. | ਜੀਵਨ-ਕਾਲ ਪ੍ਰਾਪਤੀ ਪੁਰਸਕਾਰ | ਕੇਂਦਰੀ ਪੰਜਾਬੀ ਲੇਖਕ ਸਭਾ,<br>ਉੱਤਰੀ ਅਮਰੀਕਾ,<br>ਸਰੀ, ਬੀ.ਸੀ., ਕੈਨੇਡਾ | 2011 |
| 29. | ਜੀਵਨ-ਕਾਲ ਪ੍ਰਾਪਤੀ ਪੁਰਸਕਾਰ | (UBC) ਯੂਨੀਵਰਸਿਟੀ ਆਫ਼<br>ਬ੍ਰਿਟਿਸ਼ ਕੋਲੰਬੀਆ, ਵੈਨਕੂਵਰ, ਕੈਨੇਡਾ | 2011 |
| 30. | ਇਕਬਾਲ ਅਰਪਨ ਯਾਦਗਾਰੀ<br>ਜੀਵਨ-ਕਾਲ ਪ੍ਰਾਪਤੀ ਪੁਰਸਕਾਰ | ਅਰਪਨ ਲਿਖਾਰੀ ਸਭਾ,<br>ਕੈਲਗਰੀ, ਅਲਬਰਟਾ, ਕੈਨੇਡਾ | 2012 |
| 31. | ਜੀਵਨ-ਕਾਲ ਪ੍ਰਾਪਤੀ ਪੁਰਸਕਾਰ | ਪੰਜਾਬੀ ਆਰਸੀ<br>ਰਾਈਟਰਜ਼ ਕਲੱਬ, (ਕੈਨੇਡਾ) | 2013 |
| 32. | ਬਲਵੰਤ ਗਾਰਗੀ ਮੈਮੋਰੀਅਲ<br>ਇੰਟਰਨੈਸ਼ਨਲ ਅਵਾਰਡ<br>ਆਫ਼ ਡਿਸਟਿੰਕਸ਼ਨ | ਸਿਪਸਾ-ਕੈਨੇਡੀਅਨ ਇੰਟਰਨੈਸ਼ਨਲ<br>ਪੰਜਾਬੀ ਸਾਹਿਤ ਅਕਾਦਮੀ,<br>ਟਰਾਂਟੋ, ਕੈਨੇਡਾ | 2015 |

# ਰਵਿੰਦਰ ਰਵੀ ਨੂੰ ਮਿਲੇ ਸਨਮਾਨਾਂ ਦਾ ਵੇਰਵਾ

| | ਸੰਸਥਾ | ਸਾਲ |
|---|---|---|
| 1. | ਪੰਜਾਬੀ ਲਿਖਾਰੀ ਸਭਾ, ਨੈਰੋਬੀ, ਕੀਨੀਆਂ | 1974 |
| 2. | ਮਾਸਕ 'ਦ੍ਰਿਸ਼ਟੀ', ਜਲੰਧਰ, ਪੰਜਾਬ, ਭਾਰਤ | 1976 |
| 3. | ਪੰਜਾਬੀ ਲਿਖਾਰੀ ਸਭਾ (ਰਜਿ.), ਜਗਤਪੁਰ, ਪੰਜਾਬ, ਭਾਰਤ | 1981 |
| 4. | ਮਾਸਕ 'ਅਕਸ' ਮੰਚ, ਨਵੀਂ ਦਿੱਲੀ, ਭਾਰਤ | 1993 ਤੇ 2001 |
| 5. | ਗੁਰੂ ਗੋਬਿੰਦ ਸਿੰਘ ਫਾਊਂਡੇਸ਼ਨ, ਚੰਡੀਗੜ੍ਹ, ਭਾਰਤ | 1993 |
| 6. | ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ਪੰਜਾਬ, ਭਾਰਤ | 1993 |
| 7. | ਇੰਟਰਨੈਸ਼ਨਲ ਲਿਟਰੇਰੀ ਐਂਡ ਕਲਚਰਲ ਫੋਰਮ, ਲਿਸਟਰ, ਇੰਗਲੈਂਡ (U.K.) | 1995 |
| 8. | ਮੇਲ ਮਿਲਾਪ ਸਾਹਿਤ ਸਭਾ, ਗਲਾਸਗੋ, ਸਕਾਟਲੈਂਡ (U.K.) | 2000 |
| 9. | ਭਾਸ਼ਾ ਵਿਭਾਗ, ਪੰਜਾਬ, ਭਾਰਤ | 2001 |
| 10. | ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.), ਪੰਜਾਬ, ਭਾਰਤ | 2001 |
| 11. | ਸਿਰਜਣਾ ਸੰਗਮ, ਪਟਿਆਲਾ, ਪੰਜਾਬ, ਭਾਰਤ | 2001 |
| 12. | ਪੰਜਾਬੀ ਲੇਖਕ ਸਭਾ, ਪਟਿਆਲਾ, ਪੰਜਾਬ, ਭਾਰਤ | 2001 |
| 13. | ਪੰਜਾਬੀ ਲਿਟਰੇਰੀ ਫੋਰਮ, ਪਟਿਆਲਾ ਪੰਜਾਬ, ਭਾਰਤ | 2001 |
| 14. | ਰਚਨਾ ਵਿਚਾਰ ਮੰਚ, ਨਾਭਾ, ਪੰਜਾਬ, ਭਾਰਤ | 2001 |
| 15. | ਲਾਇਲਪੁਰ ਖਾਲਸਾ ਕਾਲਜ, ਜਲੰਧਰ, ਪੰਜਾਬ, ਭਾਰਤ | 2002 |
| 16. | ਨਿਸਗਾ ਸਕੂਲ ਜ਼ਿਲ੍ਹਾ, ਨਿਊ ਆਏਐਂਸ਼, ਬੀ.ਸੀ. ਕੈਨੇਡਾ | 2003 |
| 17. | ਨਿਸਗਾ ਟੀਚਰਜ਼ ਯੂਨੀਅਨ, ਨਿਊ ਆਏਐਂਸ਼, ਬੀ.ਸੀ. ਕੈਨੇਡਾ | 2004 |
| 18. | ਵਿਸ਼ਵ ਪੰਜਾਬੀ ਅਕਾਦਮੀ, ਕੈਲੇਫੋਰਨੀਆ, ਅਮਰੀਕਾ | 2004 |
| 19. | ਪੰਜਾਬੀ ਪੱਤਰਕਾਰ ਸੰਸਥਾ, ਲਾਹੌਰ, ਪਾਕਿਸਤਾਨ | 2006 |
| 20. | ਪੰਜਾਬੀ ਯੂਨੀਵਰਸਿਟੀ, ਪਟਿਆਲਾ, ਭਾਰਤ | 2006 |
| 21. | ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.), ਜਲੰਧਰ, ਭਾਰਤ | 2006 |
| 22. | ਪੰਜਾਬੀ ਲਿਖਾਰੀ ਸਭਾ, ਜਗਤਪੁਰ (ਰਜਿ.),ਜ਼ਿਲ੍ਹਾ ਨਵਾਂ ਸ਼ਹਿਰ, ਭਾਰਤ | 2006 |
| 23. | ਅਦਾਰਾ ਵੀਯਨਜ਼ ਆਫ਼ ਪੰਜਾਬ, ਟੀ.ਵੀ., ਬਰੈਂਪਟਨ, ਕੈਨੇਡਾ | 2007 |
| 24. | ਰਚਨਾ ਵਿਚਾਰ ਮੰਚ, ਪੰਜਾਬ (ਰਜਿ.), ਨਾਭਾ | 2008 |
| 25. | ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.), ਪੰਜਾਬ, ਭਾਰਤ | 2008 |
| 26. | ਭਾਸ਼ਾ ਵਿਭਾਗ, ਪੰਜਾਬ, ਭਾਰਤ | 2008 |
| 27. | UBC ਯੂਨੀਵਰਸਿਟੀ ਆਫ਼ ਬ੍ਰਿਟਿਸ਼ ਕੋਲੰਬੀਆ, ਏਸ਼ੀਅਨ ਲਾਇਬ੍ਰੇਰੀ ਵੈਨਕੂਵਰ, ਬੀ.ਸੀ., ਕੈਨੇਡਾ | 2010 |
| 28. | ਪੰਜਾਬੀ ਅਦਬੀ ਸੰਗਤ, ਸਰੀ, ਬੀ.ਸੀ., ਕੈਨੇਡਾ | 2013 |
| 29. | ਸੁੱਖੀ ਬਾਠ ਫਾਊਂਡੇਸ਼ਨ, ਸਰੀ, ਬੀ.ਸੀ., ਕੈਨੇਡਾ | 2014 |

# ਇਆਪਾ (I.A.P.A.A.) ਤੇ ਇਸ ਵਲੋਂ ਦਿੱਤੇ ਗਏ ਪੁਰਸਕਾਰ

ਇਆਪਾ (ਇੰਟਰਨੈਸ਼ਨਲ ਐਸੋਸੀਏਸ਼ਨ ਆਫ਼ ਪੰਜਾਬੀ ਆਥਰਜ਼ ਐਂਡ ਆਰਟਿਸਟਸ) ਦੀ ਸਥਾਪਨਾ ਮੈਂ, ਡਾ. ਗੁਰੂਮੇਲ, ਸੁਰਗੀ ਤਾਰਾ ਸਿੰਘ ਹੇਅਰ (ਸੰਪਾਦਕ: ਇੰਡੋ-ਕਨੇਡੀਅਨ ਟਾਇਮਜ਼), ਗੁਰਚਰਨ ਰਾਮਪੁਰੀ, ਦਰਸ਼ਨ ਗਿੱਲ ਅਤੇ ਭੁਪਿੰਦਰ ਧਾਲੀਵਾਲ ਆਦਿ ਨੂੰ ਨਾਲ ਲੈ ਕੇ, 3 ਜੁਲਾਈ, 1978 ਨੂੰ ਕੀਤੀ। ਇਸ ਸੰਸਥਾ ਵਲੋਂ 1981 ਵਿਚ ਮੇਰੀ ਸੰਪਾਦਨਾ ਹੇਠਾਂ 'ਵਿਸ਼ਵ ਪੰਜਾਬੀ ਸਾਹਿਤ' ਨਾਮ ਦੀ ਪੁਸਤਕ ਪ੍ਰਕਾਸ਼ਤ ਕੀਤੀ ਗਈ, ਜਿਸ ਵਿਚ 12 ਦੇਸ਼ਾਂ ਦੇ 100 ਕੁ ਪੰਜਾਬੀ ਲੇਖਕਾਂ ਦੀਆਂ ਲਿਖਤਾਂ ਸ਼ਾਮਿਲ ਕੀਤੀਆਂ ਗਈਆਂ ਸਨ।

ਲੋਕ ਮੰਚ ਨਾਲ ਜੁੜੇ ਜੋਗਿੰਦਰ ਬਾਹਰਲਾ ਨੂੰ ਇਸ ਸੰਸਥਾ ਵਲੋਂ 1979 ਵਿਚ ਸਨਮਾਨਤ ਕੀਤਾ ਗਿਆ। 1980 ਵਿਚ 500 ਡਾਲਰ ਦੇ ਪ੍ਰੋ. ਪਿਆਰਾ ਸਿੰਘ ਗਿੱਲ ਤੇ ਕਰਮ ਸਿੰਘ ਸੰਧੂ ਮੈਮੋਰੀਅਲ ਅੰਤਰ-ਰਾਸ਼ਟਰੀ ਸ਼੍ਰੋਮਣੀ ਸਾਹਿਤਕਾਰ/ਪੱਤਰਕਾਰ/ਕਲਾਕਾਰ ਪੁਰਸਕਾਰ ਦੀ ਸਥਾਪਨਾ ਕੀਤੀ ਗਈ।

ਇਹ ਪੁਰਸਕਾਰ ਹੁਣ ਤਕ ਹੇਠ ਲਿਖੇ ਲੇਖਕਾਂ, ਪੱਤਰਕਾਰਾਂ ਤੇ ਕਲਾਕਾਰਾਂ ਨੂੰ ਦਿੱਤਾ ਜਾ ਚੁੱਕਾ ਹੈ :

| | | | |
|---|---|---|---|
| 1. | ਸੰਤ ਸਿੰਘ ਸੇਖੋਂ | ਭਾਰਤ | 1980 |
| 2. | ਫ਼ਖਰ ਜ਼ਮਾਨ | ਪਾਕਿਸਤਾਨ | 1981 |
| 3. | ਕਰਤਾਰ ਸਿੰਘ ਦੁੱਗਲ | ਭਾਰਤ | 1982 |
| 4. | ਸੋਹਨ ਕਾਦਰੀ | ਡੈਨਮਾਰਕ | 1982 |
| 5. | ਅਜੀਤ ਕੌਰ | ਭਾਰਤ | 1983 |
| 6. | ਤਰਸੇਮ ਸਿੰਘ ਪੁਰੇਵਾਲ | ਇੰਗਲੈਂਡ | 1983 |
| 7. | ਡਾ. ਸੁਰਜੀਤ ਸਿੰਘ ਸੇਠੀ | ਭਾਰਤ | 1984 |
| 8. | ਡਾ. ਦਲੀਪ ਕੌਰ ਟਿਵਾਣਾ | ਭਾਰਤ | 1985 |
| 9. | ਅੰਮ੍ਰਿਤਾ ਪ੍ਰੀਤਮ | ਭਾਰਤ | 1986 |
| 10. | ਡਾ. ਹਰਚਰਨ ਸਿੰਘ | ਭਾਰਤ | 1986 |
| 11. | ਅਫ਼ਜ਼ਲ ਅਹਿਸਨ ਰੰਧਾਵਾ | ਪਾਕਿਸਤਾਨ | 1986 |
| 12. | ਅਜਾਇਬ ਕਮਲ | ਕੀਨੀਆ | 1986 |



| | | | |
|---|---|---|---|
| 13. | ਡਾ. ਗੁਰੂਮੇਲ | ਅਮਰੀਕਾ | 1986 |
| 14. | ਦੇਵ | ਸਵਿਟਜ਼ਰਲੈਂਡ | 1986 |
| 15. | ਸ਼ਿਵਚਰਨ ਗਿੱਲ | ਇੰਗਲੈਂਡ | 1986 |
| 16. | ਡਾ. ਹਰਿਭਜਨ ਸਿੰਘ | ਭਾਰਤ | 1987 |
| 17. | ਡਾ. ਜਸਬੀਰ ਸਿੰਘ ਆਹਲੂਵਾਲੀਆ | ਭਾਰਤ | 1988 |
| 18. | ਬਲਵੰਤ ਗਾਰਗੀ | ਭਾਰਤ | 1989 |
| 19. | ਹਰਦੇਵ ਸਿੰਘ (ਚਿਤਰਕਾਰ) | ਕੈਨੇਡਾ | 1989 |
| 20. | ਤਾਰਾ ਸਿੰਘ | ਭਾਰਤ | 1990 |
| 21. | ਗੁਲਜ਼ਾਰ ਸਿੰਘ ਸੰਧੂ | ਭਾਰਤ | 1990 |
| 22. | ਅਜਮੇਰ ਸਿੰਘ ਔਲਖ | ਭਾਰਤ | 1990 |
| 23. | ਡਾ. ਤੇਜਵੰਤ ਸਿੰਘ ਗਿੱਲ | ਭਾਰਤ | 1991 |
| 24. | ਅਮਰਜੀਤ ਸਿੰਘ (ਅਕਸ) | ਭਾਰਤ | 1992 |
| 25. | ਤਾਰਾ ਸਿੰਘ ਹੇਅਰ | ਕੈਨੇਡਾ | 1992 |
| 26. | ਡਾ. ਰਘਬੀਰ ਸਿੰਘ (ਸਿਰਜਣਾ) | ਭਾਰਤ | 1993 |
| 27. | ਡਾ. ਕੁਲਬੀਰ ਸਿੰਘ ਕਾਂਗ | ਭਾਰਤ | 1994 |
| 28. | ਡਾ. ਪ੍ਰੇਮ ਪ੍ਰਕਾਸ਼ ਸਿੰਘ | ਕੈਨੇਡਾ | 1994 |
| 29. | ਡਾ. ਜੋਗਿੰਦਰ ਸਿੰਘ ਪੁਆਰ | ਭਾਰਤ | 1995 |
| 30. | ਡਾ. ਮਨਜੀਤਪਾਲ ਕੌਰ | ਭਾਰਤ | 1996 |
| 31. | ਡਾ. ਸੁਤਿੰਦਰ ਸਿੰਘ ਨੂਰ | ਭਾਰਤ | 1997 |
| 32. | ਪ੍ਰੋ. ਬ੍ਰਹਮਜਗਦੀਸ਼ ਸਿੰਘ | ਭਾਰਤ | 1997 |
| 33. | ਡਾ. ਅਮਰਜੀਤ ਕੌਂਕੇ | ਭਾਰਤ | 1998 |
| 34. | ਇਲਿਆਸ ਘੁੰਮਣ | ਪਾਕਿਸਤਾਨ | 1998 |
| 35. | ਅਮਰ ਜਯੋਤੀ | ਨੀਦਰਲੈਂਡਜ਼ | 1998 |
| 36. | ਡਾ. ਅਖਤਰ ਹੁਸੈਨ ਅਖਤਰ | ਪਾਕਿਸਤਾਨ | 1999 |
| 37. | ਜਸਬੀਰ ਭੁੱਲਰ | ਭਾਰਤ | 2000 |
| 38. | ਅਜੀਤ ਰਾਹੀ | ਆਸਟ੍ਰੇਲੀਆ | 2000 |
| 39. | ਬਲਿਹਾਰ ਸਿੰਘ ਰੰਧਾਵਾ | ਇੰਗਲੈਂਡ | 2000 |

| | | | |
|---|---|---|---|
| 40. | ਹਰਭਜਨ ਸਿੰਘ ਹਲਵਾਰਵੀ | ਭਾਰਤ | 2000 |
| 41. | ਅਵਤਾਰ ਜੌੜਾ | ਭਾਰਤ | 2001 |
| 42. | ਡਾ. ਮਨਜੀਤ ਸਿੰਘ | ਭਾਰਤ | 2002 |
| 43. | ਪ੍ਰੋ. ਰਾਸ਼ਦ ਹਸਨ ਰਾਣਾ | ਪਾਕਿਸਤਾਨ | 2005 |
| 44. | ਪ੍ਰੋ. ਆਸ਼ਿਕ ਰਹੀਲ | ਪਾਕਿਸਤਾਨ | 2006 |
| 45. | ਡਾ. ਵਨੀਤਾ | ਭਾਰਤ | 2007 |
| 46. | ਡਾ. ਸਾਹਿਬ ਸਿੰਘ | ਭਾਰਤ | 2008 |
| 47. | ਪ੍ਰਮਿੰਦਰਜੀਤ | ਭਾਰਤ | 2009 |
| 48. | ਕੇਵਲ ਧਾਲੀਵਾਲ | ਭਾਰਤ | 2010 |
| 49. | ਮਨਜੀਤ ਮੀਤ | ਕੈਨੇਡਾ | 2010 |
| 50. | ਗੁਰਦਿਆਲ ਕੰਵਲ | ਕੈਨੇਡਾ | 2010 |
| 51. | ਚਰਨ ਸਿੰਘ | ਕੈਨੇਡਾ | 2011 |
| 52. | ਡਾ. ਨਿਗਹਤ ਖੁਰਸ਼ੀਦ | ਪਾਕਿਸਤਾਨ | 2012 |
| 53. | ਕੇਵਲ ਧਾਲੀਵਾਲ | ਭਾਰਤ | 2013 |
| 54. | ਕੇਵਲ ਧਾਲੀਵਾਲ<br>ਸ਼੍ਰੋਮਣੀ ਕਾਵਿ-ਨਾਟ-ਨਿਰਦੇਸ਼ਕ | ਭਾਰਤ | 2017 |

ਇਆਪਾ ਦੀ ਸ਼ਾਖ: 'ਸਾਹਿਤ ਵਿਚਾਰ ਮੰਚ, ਕੈਨੇਡਾ' ਵਲੋਂ ਹੇਠ ਲਿਖੇ ਸਾਹਿਤਕਾਰਾਂ/ ਲੇਖਕਾਂ ਦਾ 'ਵਿਸ਼ਵ ਪੰਜਾਬੀ ਸਾਹਿਤਕਾਰ ਪੁਰਸਕਾਰ' ਨਾਲ ਸਨਮਾਨ ਕੀਤਾ ਗਿਆ। ਪੁਰਸਕਾਰ ਵਿਚ ਸਨਮਾਨ-ਚਿੰਨ੍ਹ, ਪੱਤਰ ਤੇ 500 ਡਾਲਰ ਸ਼ਾਮਿਲ ਹਨ।

| | | | |
|---|---|---|---|
| 1. | ਕੁਲਵੰਤ ਸਿੰਘ ਵਿਰਕ | ਭਾਰਤ | 1983 |
| 2. | ਕਪੂਰ ਸਿੰਘ ਘੁੰਮਣ | ਭਾਰਤ | 1984 |
| 3. | ਡਾ. ਮ. ਸ. ਰੰਧਾਵਾ | ਭਾਰਤ | 1985 |
| 4. | ਪ੍ਰੀਤਮ ਸਿੰਘ ਸਫ਼ੀਰ | ਭਾਰਤ | 1986-87 |
| 5. | ਕੇਵਲ ਧਾਲੀਵਾਲ<br>(ਸ਼੍ਰੋਮਣੀ ਵਿਸ਼ਵ ਰੰਗਕਰਮੀ ਪੁਰਸਕਾਰ) | ਭਾਰਤ | 2014 |

**-ਰਵਿੰਦਰ ਰਵੀ**

ਜੁਲਾਈ 31, 2017



# ਪੁਸਤਕ ਦਰਸ਼ਨ



## ਰਵਿੰਦਰ ਰਵੀ ਰਚਿਤ ਕਾਵਿ-ਸੰਗਹਿ "ਆਪਣੇ ਖ਼ਿਲਾਫ਼"

ਰਵਿੰਦਰ ਰਵੀ ਵਿਸ਼ਵ ਪੱਧਰ ਦੇ ਉੱਚ ਕੋਟੀ ਦੇ ਸਾਹਿਤਕਾਰਾਂ ਵਿੱਚੋਂ ਇੱਕ ਹੈ। ਪੰਜਾਬੀ ਕਾਵਿ-ਨਾਟ ਕੇ ਖੇਤਰ ਵਿੱਚ ਉਸ ਦਾ ਕੋਈ ਸਾਨੀ ਹੀਂ, ਪਰ ਉਸ ਨੇ ਕਵਿਤਾ, ਕਹਾਣੀ, ਵਾਰਤਕ, ਸੰਪਾਦਨ, ਅਨੁਵਾਦ ਅਤੇ ਸਮੀਖਿਆ ਦੇ ਖੇਤਰ ਵਿੱਚ ਵੀ ਉੱਘਾ ਯੋਗਦਾਨ ਪਾਇਆ ਹੈ। ਹੱਥਲੀ ਪੁਸਤਕ ਖੁੱਲ੍ਹੀ ਕਵਿਤਾ, ਪ੍ਰਗੀਤ, ਗੀਤ, ਪ੍ਰਬੰਧਕੀ ਕਵਿਤਾ, ਵਾਰਤਾਲਾਪੀ-ਕਾਵਿ ਆਦਿ ਤੋਂ ਇਲਾਵਾ ਜਾਗੋ, ਸੋਤਾ, ਛੱਲਾ, ਹੀਰ, ਮਾਹੀਆ ਆਦਿ ਕਾਵਿ-ਰੂਪਾਂ ਜ਼ਰੀਏ ਪੇਸ਼ ਕੀਤੀ ਗਈ ਹੈ। ਇਸ ਸਮੁੱਚੀ ਕਵਿਤਾ ਦਾ ਲਿਖਣ-ਕਾਲ 1983 ਤੋਂ 1986 ਤਕ ਦਾ ਹੈ ਅਤੇ ਇਹ ਪਹਿਲੀ ਵਾਰ 1986 ਵਿੱਚ ਪ੍ਰਕਾਸ਼ਿਤ ਹੋਈ। ਉਦੋਂ ਤੋਂ 2017 ਤਕ ਇਸ ਪੁਸਤਕ ਸਬੰਧੀ ਹੋਈ ਸਮੀਖਿਆ ਨੂੰ ਪ੍ਰੋ. ਮਨਜੀਤ ਸਿੰਘ ਅਤੇ ਡਾ. ਜਸਪਾਲ ਕੌਰ ਨੇ ਮੂਲ-ਪਾਠ ਸਮੇਤ ਪਾਠਕਾਂ ਦੇ ਸਨਮੁੱਖ ਕੀਤਾ ਹੈ। ਇਸ ਸਮੁੱਚੀ ਕਵਿਤਾ ਦਾ ਕੇਂਦਰ ਬਿੰਦੂ ਅੱਜ ਦਾ ਮਨੁੱਖ ਹੈ ਜੋ ਅਤਿ ਵਿਕਸਿਤ ਅਜੋਕੇ ਕਾਲ-ਖੰਡ ਵਿੱਚ ਛਿਣ-ਭੰਗਰਤਾ ਦੀ ਅਵਸਥਾ ਵਿੱਚ ਪਹੁੰਚ ਕੇ ਡਗਮਗਾ ਰਿਹਾ ਹੈ। ਇਹ ਖਪਤਕਾਰੀ ਰੁਚੀਆਂ ਦਾ ਸ਼ਿਕਾਰ ਹੋ ਕੇ ਸਭ ਸੁੱਖ ਸਹੂਲਤਾਂ ਲੈ ਚੁੱਕਾ ਹੈ, ਪਰ ਆਪਣੀ ਹੋਂਦ-ਸਥਿਤੀ ਤੋਂ ਵਿਹੂਣਾ ਹੋ ਚੁੱਕਾ ਹੈ। ਪਲ ਪਲ ਜਿਊਣ ਦੀ ਡੁਗਡੁਗੀ ਵਜਾ ਰਿਹਾ ਹੈ ਅਤੇ ਪਲ ਪਲ ਡੁੱਬ ਮਰਨ ਦੀ ਦੌੜ ਵਿੱਚ ਭੱਜਾ ਫਿਰ ਰਿਹਾ ਹੈ। ਰਵਿੰਦਰ ਰਵੀ ਮਨੁੱਖ 'ਚੋਂ ਮਨੁੱਖ ਦੇ ਮਨਫ਼ੀ ਹੋ ਜਾਣ ਵਾਲੇ ਸਾਰੇ ਸਰੋਕਾਰਾਂ ਨੂੰ ਇਨ੍ਹਾਂ ਕਵਿਤਾਵਾਂ ਜ਼ਰੀਏ ਪ੍ਰਗਟ ਕਰਦਾ ਹੈ। ਕਵਿਤਾਵਾਂ ਚੌਕ ਨਾਟਕ ਦੇ ਗੀਤ, ਪੰਜ ਦਰਿਆ ਅਸੀਂ ਪਲਕੀਂ ਪਾਏ ਅਤੇ ਹੋਰ ਕਵਿਤਾਵਾਂ ਆਦਿ ਸਿਰਲੇਖਾਂ ਤਹਿਤ ਅੰਕਿਤ ਹਨ। ਮਨੁੱਖ ਨੇ ਵਿਗਿਆਨ, ਤਕਨਾਲੋਜੀ ਅਤੇ ਉਦਯੋਗੀਕਰਨ ਦੇ ਪੱਖਾਂ ਤੋਂ ਬਹੁਤ ਵਿਕਾਸ ਕਰ ਲਿਆ ਹੈ, ਪਰ ਮਨੁੱਖ ਇਨ੍ਹਾਂ ਪ੍ਰਾਪਤੀਆਂ ਨੂੰ ਸੌੜੇ ਹਿੱਤਾਂ ਵਿੱਚ ਵਰਤ ਕੇ ਮਨੁੱਖ-ਮਾਰੂ ਰੁਚੀਆਂ ਦਾ ਵੀ ਧਾਰਕ ਹੋ ਨਿੱਬੜਿਆ ਹੈ :

-ਮਾਦੇ ਦੇ ਅਡੰਬਰ,।
ਸਭ ਕੁਝ ਨਿਗਲ ਲਿਆ,
ਕਿੱਥੇ ਹੈ ਮਨੁੱਖ ?
ਮਨੁੱਖ ਵਿੱਚ ਨਹੀਂ ਰਿਹਾ।
***
ਬਾਰੂਦ ਦੀ ਭੱਠੀ 'ਤੇ
ਭਵਿੱਖ ਉਸਾਰ ਰਿਹਾ,
ਕੈਸਾ ਇਹ ਵਿਗਿਆਨਕ,
ਸਭ ਨੂੰ ਮਾਰ ਰਿਹਾ।

ਰਵੀ ਦੀਆਂ ਇਹ ਕਵਿਤਾਵਾਂ ਅਸਲ ਸੰਕਲਪਾਂ, ਉੱਚ ਪੱਧਰੀ ਮਾਨਵ ਕਦਰ-ਪ੍ਰਣਾਲੀ, ਮਿਲਵਰਤਣ ਅਤੇ ਸਾਂਝ ਸੰਭਾਵਨਾ ਆਦਿ ਦਾ ਸੰਕੋਚਵੇਂ, ਪਰ ਭਾਵਪੂਰਤ ਸ਼ਬਦਾਂ ਵਿੱਚ ਵਿਅੰਗ ਅਤੇ ਪ੍ਰਤੀਕਾਂ ਰਾਹੀਂ ਸਾਰਥਕ ਬਿੰਬ ਉਭਾਰਦੀਆਂ ਹਨ। ਉਸ ਅਨੁਸਾਰ ਲੜਾਈ ਕਦੇ ਵੀ ਧਰਮ ਤੇ ਕਰਮ ਦੀ ਨਹੀਂ ਹੁੰਦੀ, ਧਰਮ ਤੇ ਕੁਕਰਮ ਦੀ ਹੁੰਦੀ ਹੈ। ਅੰਨ੍ਹੀ ਦੌੜ ਵਿੱਚ ਅੰਦਰ ਹੀ ਅੰਦਰ ਲੋਕੀਂ ਮਰੇ ਨੂੰ ਮਾਰੀ ਜਾ ਰਹੇ ਹਨ। ਇਸ ਕਾਰਨ ਰੌਸ਼ਨੀ, ਦਾਵਾਨਲ ਬਣਦੀ ਜਾ ਰਹੀ ਹੈ ਅਤੇ ਇਤਿਹਾਸ ਦੇ ਸੁਨਹਿਰੀ ਪੰਨਿਆਂ ਨੂੰ ਅਤੇ ਉਨ੍ਹਾਂ ਤੋਂ ਮਿਲਦੇ ਸੰਦੇਸ਼ ਨੂੰ ਭੁੱਲਦੀ ਜਾ ਰਹੀ ਹੈ। 'ਅੰਦਰ ਬਾਹਰ ਵੇਖਦਿਆਂ', 'ਵਿਅਕਤੀ ਬਨਾਮ ਕੰਪਿਊਟਰ', 'ਰੇਲ ਦੀ ਪੱਟੜੀ ਤੇ ਸਮੁੰਦਰ', 'ਆਪਣੇ ਖ਼ਿਲਾਫ਼', 'ਅੰਬ ਦਾ ਰੁੱਖ', 'ਸ਼ਹੀਦੀ ਦੀ ਰੁੱਤੇ', 'ਇੱਕ ਅੱਖ ਹੰਝੂ ਤੇ ਦੂਜੀ ਮੁਸਕਾਨ', 'ਵੋਟ ਤੋਂ ਬਾਰੂਦ ਤੱਕ', 'ਅੱਗ ਦਾ ਦਰਿਆ' ਅਤੇ 'ਪੰਜ ਦਰਿਆ ਅਸੀਂ ਪਲਕੀਂ ਪਾਏ' ਆਦਿ ਕਵਿਤਾਵਾਂ ਅਜੋਕੇ ਮਨੁੱਖ ਦੀ ਮਾਨਸਿਕਤਾ ਵਿੱਚ ਆ ਚੁੱਕੇ ਨਿਘਾਰ ਦਾ ਦਰਪਣ ਹਨ। ਇਹ ਕਾਵਿਕ-ਭਾਸ਼ਾ ਵਿੱਚ ਮਾਨਵੀ ਚੇਤਨਾ ਨੂੰ ਜਗਾਉਣ ਅਤੇ ਮਾਨਵ ਪਿਆਰ ਸਿਰਜਣਾ ਦਾ ਉੱਤਮ ਨਮੂਨਾ ਵੀ ਹਨ। 'ਸਵੈ ਸੰਵਾਦ', 'ਹਵਾ ਦੀ ਡਾਇਰੀ 'ਚੋਂ ਇੱਕ ਪੰਨਾ', 'ਅੰਬ ਦਾ ਰੁੱਖ' ਆਦਿ ਕਵਿਤਾਵਾਂ ਭਾਵਪੂਰਤ ਸ਼ਬਦਾਵਲੀ ਵਿੱਚ ਮਾਨਵੀ ਹਿਰਦੇ ਨੂੰ ਝੰਜੋੜ ਕੇ ਉਸ ਨੂੰ ਉਸ ਦੀ ਅਸਲ ਹੋਂਦ-ਸਥਿਤੀ ਦਾ ਬੋਧ ਕਰਵਾਉਂਦੀਆਂ ਹਨ। ਭੁੱਖ, ਬੇਕਾਰੀ, ਲੁੱਟ-ਖੋਹ, ਅਪਮਾਨਜਨਕ ਕਰਤੂਤਾਂ ਆਦਿ ਸਰੋਕਾਰਾਂ ਨੂੰ ਵੀ ਇਹ ਕਵਿਤਾਵਾਂ ਬਿਆਨਦੀਆਂ ਹਨ। ਧਰਤੀ, ਅੰਬਰ, ਪਿੰਡ ਅਤੇ ਬ੍ਰਹਿਮੰਡ ਨੂੰ ਕਵੀ ਨੇ ਬਹੁਤ ਸਾਰੇ ਨਵੀਨ ਪ੍ਰਤੀਕਾਂ ਜ਼ਰੀਏ ਪ੍ਰਗਟ ਕੀਤਾ ਹੈ ਅਤੇ ਅਜੋਕੇ ਮਾਨਵ ਦੇ ਪੀੜ੍ਹੀਆਂ ਦੇ ਦਵੰਦ ਨੂੰ ਵੀ ਆਲੋਚਨਾਤਮਕ ਯਥਾਰਥ ਦੀ ਨਿਗ੍ਹਾ ਨਾਲ ਪ੍ਰਗਟ ਕੀਤਾ ਹੈ।

ਪੁਸਤਕ ਦੇ ਆਰੰਭ ਵਿੱਚ ਡਾ. ਜਸਪਾਲ ਕੌਰ ਦਾ ਆਲੋਚਨਾਤਮਕ ਨਿਬੰਧ



'ਕਨੇਡਾ ਦੀ ਪੰਜਾਬੀ ਕਵਿਤਾ-ਪਾਠਕੀ ਪੜ੍ਹਤ ਅਤੇ ਮੂਲ ਪਾਠ' ਤੋਂ ਬਾਅਦ ਅੰਤਿਕਾ ਇੱਕ ਅਤੇ ਦੋ ਵਿੱਚ ਸੰਪਾਦਕਾਂ ਤੋਂ ਇਲਾਵਾ ਪ੍ਰੋ. ਬ੍ਰਹਮਜਗਦੀਸ਼ ਸਿੰਘ, ਡਾ. ਦਵਿੰਦਰ ਕੌਰ, ਡਾ. ਹਰਿਭਜਨ ਸਿੰਘ, ਡਾ. ਪ੍ਰੇਮ ਪ੍ਰਕਾਸ਼ ਸਿੰਘ (ਕੈਨੇਡਾ), ਅਜਾਇਬ ਕਮਲ (ਕੀਨੀਆ) ਤੇ ਆਲੋਚਨਾਤਮਕ ਲਘੂ ਨਿਬੰਧ ਵਿਭਿੰਨ ਕਵਿਤਾਵਾਂ ਦੇ ਨਿਕਟ ਵਿਸ਼ਲੇਸ਼ਣ ਕਰਦੇ ਹਨ। ਪੁਸਤਕ ਦੇ ਅੰਤਿਮ ਭਾਗ ਵਿੱਚ ਰਵਿੰਦਰ ਰਵੀ ਰਚਿਤ ਸਮੁੱਚੇ ਸਾਹਿਤ, ਮਿਲੇ ਮਾਣ-ਸਨਮਾਨ ਅਤੇ ਇਨ੍ਹਾਂ ਰਚਨਾਵਾਂ ਉੱਤੇ ਹੋਏ ਖੋਜ ਕਾਰਜ ਦਾ ਵੀ ਜ਼ਿਕਰ ਹੈ।

ਸੰਪਾਦਕ : ਡਾ. ਮਨਜੀਤ ਸਿੰਘ ਤੇ ਡਾ. ਜਸਪਾਲ ਕੌਰ
ਪ੍ਰਕਾਸ਼ਕ : ਨੈਸ਼ਨਲ ਬੁਕ ਸ਼ਾਪ, ਦਿੱਲੀ, ਭਾਰਤ-2017
ਪੰਨੇ : 232, ਮੁੱਲ : 300 ਰੁਪਏ (ਸਜਿਲਦ), 150 ਰੁਪਏ (ਪੇਪਰ ਬੈਕ)

**ਡਾ. ਜਗੀਰ ਸਿੰਘ ਨੂਰ**
'ਪੰਜਾਬੀ ਟ੍ਰਿਬਿਊਨ', ਚੰਡੀਗੜ੍ਹ, ਭਾਰਤ
ਮਾਰਚ 19, 2017

## ਰਵਿੰਦਰ ਰਵੀ ਦਾ ਕਾਵਿ-ਸ਼ਾਸਤਰੀ ਚਿੰਤਨ

ਹੱਥਲੀ ਪੁਸਤਕ ਖੋਜ-ਪੱਧਤੀ ਦੇ ਮਾਨਦੰਡਾਂ ਦੀ ਅਨੁਸਾਰਨੀ ਹੋ ਕੇ ਪਾਠਕਾਂ ਦੇ ਸਨਮੁੱਖ ਹੈ। ਇਸ ਦੇ ਮੁੱਖ ਰੂਪ ਵਿਚ ਪੰਜ ਅਧਿਆਇ ਹਨ, ਜਿਨ੍ਹਾਂ ਨੂੰ ਵਿੱਦਵਾਨ ਚਿੰਤਕ ਡਾ. ਨਾਨਕ ਸਿੰਘ ਨੇ ਖੋਜ-ਪੱਧਤੀ ਦੀ ਮਰਿਆਦਾ ਨੂੰ ਨਿਭਾਉਂਦਿਆਂ ਹੋਇਆਂ ਸਭ ਤੋਂ ਪਹਿਲਾਂ ਕਾਵਿ-ਸ਼ਾਸਤਰੀ ਚਿੰਤਨ ਨੂੰ ਇਤਿਹਾਸਕ ਅਤੇ ਸਿਧਾਂਤਕ ਪ੍ਰਸੰਗਤਾ ਵਿਚ ਵਿਚਾਰਦਿਆਂ ਹੋਇਆਂ ਪੱਛਮੀ, ਭਾਰਤੀ ਅਤੇ ਵਿਸ਼ੇਸ਼ਤਰ ਪੰਜਾਬੀ ਚਿੰਤਨਧਾਰਾ ਨੂੰ ਪ੍ਰਗਟ ਕੀਤਾ ਹੈ। ਦੂਜੇ ਅਧਿਆਇ ਵਿਚ ਰਵਿੰਦਰ ਰਵੀ ਦੇ ਕਾਵਿ-ਚਿੰਤਨ ਨੂੰ ਸਮਕਾਲੀ ਯਥਾਰਥ, ਕਾਵਿ-ਵਾਸਤਵਿਕਤਾ ਦੇ ਸਰਲ ਪ੍ਰਤੀਬਿੰਬ ਵਜੋਂ ਅਤੇ ਕਾਵਿ ਵਿਚਲੇ ਪ੍ਰਤੀਕਾਤਮਕ ਪੇਸ਼ਕਾਰੀ ਵਾਲੇ ਸੰਦਰਭਾਂ ਦੇ ਅੰਤਰਗਤ ਪਰਖਿਆ ਹੈ ਅਤੇ ਨਿਰਣਾ ਸਥਾਪਿਤ ਕਰਦਿਆਂ ਕਿਹਾ ਹੈ ਕਿ ਰਵਿੰਦਰ ਰਵੀ ਦੀ ਕਵਿਤਾ ਵਿਚ ਨਵੀਆਂ ਤਕਨੀਕਾਂ, ਅਨੁਭਵ ਪ੍ਰਣਾਲੀਆਂ ਅਤੇ ਨਵੀਂ ਬਿੰਬਾਵਲੀ ਦਾ ਪ੍ਰਯੋਗ ਹੋਇਆ ਹੈ। ਇਸੇ ਤਰ੍ਹਾਂ ਰਵਿੰਦਰ ਰਵੀ ਦੀ ਕਵਿਤਾ ਵਿਚ ਤਤਕਾਲੀ ਸੰਵਾਦ ਸਿਰਜਣਾ ਦੀ ਯੋਗਤਾ, ਉਸ ਦੀ ਵਿਚਾਰ-ਧਾਰਕ ਚੌਖਟਿਆਂ ਤੋਂ ਮੁਕਤੀ ਅਤੇ ਨਿਰੋਲ ਸੁਹਜ ਸਿਰਜਣ ਦੀ ਸਮਰੱਥਾ ਦਾ ਉਲੇਖ ਕੀਤਾ ਗਿਆ ਹੈ। ਕਿਉਂ ਜੋ ਰਵਿੰਦਰ ਰਵੀ ਇਕ ਗੂੜ੍ਹ ਚਿੰਤਕ ਵੀ ਹੈ, ਇਸ ਪੱਖ ਨੂੰ ਪ੍ਰਗਟ ਕਰਦਿਆਂ ਡਾ. ਨਾਨਕ ਸਿੰਘ ਨੇ ਰਵਿੰਦਰ ਰਵੀ ਦੀ ਸਿਰਜਣ ਪ੍ਰਕਿਰਿਆ ਵਿਚਲੇ ਸੁਚੇਤਨ ਅਤੇ ਅਵਚੇਤਨ ਜਿਹੇ ਪੱਖਾਂ ਨੂੰ ਵੀ ਖੂਬ ਪਛਾਣਿਆ ਹੈ ਅਤੇ ਅਗਾਂਹ ਜਾ ਕੇ ਕਾਵਿ-ਚਿੰਤਨ ਬਾਬਤ ਰਵੀ ਦੀਆਂ ਪ੍ਰਮੁੱਖ ਧਾਰਨਾਵਾਂ ਨੂੰ ਵੀ ਤੁਲਨਾਤਮਕ ਦ੍ਰਿਸ਼ਟੀ ਤੋਂ ਪਰਖਦਿਆਂ ਹੋਇਆਂ ਪੱਛਮੀ, ਭਾਰਤੀ ਅਤੇ ਪੰਜਾਬੀ ਚਿੰਤਕਾਂ ਦੇ ਮੱਤਾਂ ਨੂੰ ਵੀ ਪ੍ਰਗਟਾਇਆ ਹੈ। ਵਿੱਦਵਾਨ ਆਲੋਚਕ ਦਾ ਮੰਨਣਾ ਹੈ ਕਿ ਭਾਵੇਂ ਰਵਿੰਦਰ ਰਵੀ ਪ੍ਰਯੋਗਵਾਦੀ ਕਵੀ ਹੈ ਪਰੰਤੂ ਉਸ ਦੀ ਕਵਿਤਾ ਕਿਸੇ ਇਕ ਵਿਚਾਰਧਾਰਾ ਦੇ ਦਾਇਰੇ 'ਚ ਸੀਮਤ ਨਹੀਂ ਹੈ।



ਪੁਸਤਕ ਦੇ ਅੰਤਮ ਭਾਗ 'ਚ ਅੰਤਿਕਾਵਾਂ ਤਹਿਤ ਰਵੀ ਦੇ ਸਮੁੱਚੇ ਸਾਹਿਤ ਦੀ ਵਾਕਫੀ ਵਿਭਿੰਨ ਵਿਧਾਵਾਂ 'ਚ ਰਚੀਆਂ ਪੁਸਤਕਾਂ ਦੀ ਸੂਚੀ ਰਾਹੀਂ ਅਤੇ ਉਸ ਦੇ ਸਮੂਹਿਕ ਸਾਹਿਤ ਸਿਰਜਣ ਸੰਬੰਧੀ ਪ੍ਰਕਾਸ਼ਿਤ ਪੁਸਤਕਾਂ ਦੀ ਸੂਚੀ ਅੰਕਿਤ ਕਰਕੇ ਪੁਸਤਕ ਦੀ ਆਭਾ 'ਚ ਹੋਰ ਵਾਧਾ ਕੀਤਾ ਗਿਆ ਹੈ।

ਲੇਖਕ : ਡਾ. ਨਾਨਕ ਸਿੰਘ
ਪ੍ਰਕਾਸ਼ਕ : ਨੈਸ਼ਨਲ ਬੁਕ ਸ਼ਾਪ, ਦਿੱਲੀ
ਮੁੱਲ : 475 ਰੁਪਏ, ਸਫੇ : 270

**ਡਾ. ਜਗੀਰ ਸਿੰਘ ਨੂਰ**
'ਅਜੀਤ', ਜਲੰਧਰ, ਭਾਰਤ
ਜੁਲਾਈ 23, 2017